ਬੁੱਧਵਾਰ, 28 ਜੂਨ, 2023
14 ਹਾੜ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 27

ਨਵਾਂ ਜ਼ਮਾਨਾ

DAILY NAWAN ZAMANA • WEDNESDAY, 28 JUNE, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਟਮਾਟਰ ਦੀ ਸੈਂਚੁਰੀ

ਨਵੀਂ ਦਿੱਲੀ : ਟਮਾਟਰ ਦੀ ਕੀਮਤ 10-20 ਰੁਪਏ ਵਧ ਕੇ 80-100 ਰੁਪਏ ਪ੍ਰਤੀ ਕਿੱਲੋ ਤੱਕ ਪਹੁੰਚ ਗਈ ਹੈ। ਇਸ ਸਾਲ ਕਈ ਕਾਰਨਾਂ ਕਰਕੇ ਪਿਛਲੇ ਸਾਲਾਂ ਦੇ ਮੁਕਾਬਲੇ ਘੱਟ ਰਕਬੇ ਵਿਚ ਟਮਾਟਰ ਲਾਏ ਗਏ ਸਨ। ਪਿਛਲੇ ਦੋ-ਤਿੰਨ ਦਿਨਾਂ ਤੋਂ ਇਸ ਦੀ ਕੀਮਤ ਅਚਾਨਕ ਵਧ ਗਈ ਹੈ। ਕੀਮਤਾਂ 'ਚ ਅਚਾਨਕ ਵਾਧਾ ਭਾਰੀ ਬਾਰਿਸ਼ ਕਾਰਨ ਵੀ ਹੋਇਆ ਹੈ। ਮੀਂਹ ਨੇ ਟਮਾਟਰਾਂ ਨੂੰ ਤਬਾਹ ਕਰ ਦਿੱਤਾ ਹੈ। ਦੱਖਣੀ ਰਾਜ ਕਰਨਾਟਕ ਅਤੇ ਇਸ ਦੀ ਰਾਜਧਾਨੀ ਬੇਂਗਲੂਰੂ 'ਚ ਵੀ ਟਮਾਟਰ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਗਈਆਂ ਹਨ, ਕਿਉਂਕਿ ਲਗਾਤਾਰ ਮੀਂਹ ਨੇ ਫਸਲ ਨੂੰ ਨੁਕਸਾਨ ਪਹੁੰਚਾਇਆ ਹੈ। ਬੇਂਗਲੂਰੂ 'ਚ 100 ਰੁਪਏ ਵਿਕ ਰਿਹਾ ਹੈ। ਯੂ ਪੀ ਦੇ ਕਾਨਪੁਰ 'ਚ ਹਫਤਾ ਪਹਿਲਾਂ 40 ਤੋਂ 50 ਰੁਪਏ ਕਿੱਲੋ ਵਿਕਣ ਵਾਲਾ ਟਮਾਟਰ ਹੁਣ 100 ਰੁਪਏ, ਜਦੋਂਕਿ ਦਿੱਲੀ 'ਚ 80 ਰੁਪਏ ਕਿਲੋ ਵਿਕ ਰਿਹਾ ਹੈ।

ਪਿਤਾ ਤੇ ਦੋ ਨਬਾਲਗ ਪੁੱਤਰਾਂ ਦੀ ਯੂ ਪੀ 'ਚ ਹਾਦਸੇ 'ਚ ਮੌਤ

ਬਰੇਲੀ : ਯੂ ਪੀ ਦੇ ਜ਼ਿਲ੍ਹਾ ਬਰੇਲੀ ਦੇ ਫਤਿਹਗੰਜ ਟੋਲ ਪਲਾਜ਼ਾ ਨੇੜੇ ਟਰੱਕ ਵੱਲੋਂ ਕਾਰ ਨੂੰ ਟੱਕਰ ਮਾਰਨ ਕਾਰਨ ਪੰਜਾਬ ਦੇ 45 ਸਾਲਾ ਵਿਅਕਤੀ ਅਤੇ ਉਸ ਦੇ ਦੋ ਨਾਬਾਲਗ ਪੁੱਤਰਾਂ ਦੀ ਮੌਤ ਹੋ ਗਈ। ਟੱਕਰ ਏਨੀ ਜ਼ਬਰਦਸਤ ਸੀ ਕਿ ਕਾਰ ਪਲਟ ਕੇ ਖਾਈ 'ਚ ਜਾ ਡਿੱਗੀ। ਪਰਮਜੀਤ ਸਿੰਘ, ਉਸ ਦੇ ਪੁੱਤਰ ਸਰਵਜੀਤ ਸਿੰਘ (14) ਤੇ ਅੰਸ਼ ਸਿੰਘ (12) ਅਤੇ ਦੋ ਹੋਰ ਸੋਮਵਾਰ ਬਰੇਲੀ 'ਚ ਵਿਆਹ 'ਚ ਸ਼ਾਮਲ ਹੋਣ ਤੋਂ ਬਾਅਦ ਪਟਿਆਲਾ ਪਰਤ ਰਹੇ ਸਨ। ਉਨ੍ਹਾਂ ਫਾਸਟੈਗ ਰੀਚਾਰਜ ਕਰਨ ਲਈ ਕਾਰ ਨੂੰ ਰੋਕਿਆ। ਇਸੇ ਦੌਰਾਨ ਪਿੱਛਿਓਂ ਟਰੱਕ ਉਨ੍ਹਾਂ ਦੀ ਗੱਡੀ 'ਚ ਵੱਜਾ। ਪਰਮਜੀਤ ਸਿੰਘ ਅਤੇ ਉਸ ਦੇ ਪੁੱਤਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਦੋ ਹੋਰ ਸਵਾਰੀਆਂ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਸੀ।

ਐੱਚ ਡੀ ਐੱਫ ਸੀ ਦਾ ਐੱਚ ਡੀ ਐੱਫ ਸੀ ਬੈਂਕ 'ਚ ਰਲੇਵਾਂ ਪਹਿਲੀ ਤੋਂ

ਮੁੰਬਈ : ਹਾਊਸਿੰਗ ਫਾਇਨਾਂਸ ਕੰਪਨੀ ਐੱਚ ਡੀ ਐੱਫ ਸੀ ਲਿਮਟਿਡ ਦਾ ਨਿੱਜੀ ਖੇਤਰ ਦੇ ਬੈਂਕ ਐੱਚ ਡੀ ਐੱਫ ਸੀ 'ਚ ਰਲੇਵਾਂ ਪਹਿਲੀ ਜੁਲਾਈ ਤੋਂ ਲਾਗੂ ਹੋਵੇਗਾ। ਐੱਚ ਡੀ ਐੱਫ ਸੀ ਦੇ ਚੇਅਰਮੈਨ ਦੀਪਕ ਪਾਰੇਖ ਨੇ ਮੰਗਲਵਾਰ ਕਿਹਾ ਕਿ ਰਲੇਵੇਂ ਦੀ ਤਜਵੀਜ਼ ਨੂੰ ਮਨਜ਼ੂਰੀ ਦੇਣ ਲਈ ਐੱਚ ਡੀ ਐੱਫ ਸੀ ਅਤੇ ਐੱਚ ਡੀ ਐੱਫ ਸੀ ਬੈਂਕ ਦੇ ਬੋਰਡ ਆਫ ਡਾਇਰੈਕਟਰਜ਼ 30 ਜੂਨ ਨੂੰ ਮੀਟਿੰਗ ਕਰਨਗੇ।

ਦੀਵਾਲੀ 'ਤੇ ਨਿਊਯਾਰਕ ਦੇ ਸਕੂਲਾਂ 'ਚ ਛੁੱਟੀ

ਨਿਊਯਾਰਕ : ਦੀਵਾਲੀ ਮੌਕੇ ਨਿਊਯਾਰਕ ਸ਼ਹਿਰ ਦੇ ਸਕੂਲਾਂ 'ਚ ਛੁੱਟੀ ਰਹੇਗੀ। ਇਹ ਐਲਾਨ ਕਰਦਿਆਂ ਅਧਿਕਾਰੀਆਂ ਨੇ ਇਸ ਨੂੰ ਭਾਰਤੀ ਭਾਈਚਾਰੇ ਸਮੇਤ ਸ਼ਹਿਰ ਵਾਸੀਆਂ ਦੀ 'ਜਿੱਤ' ਦੱਸਿਆ। ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਵਿਧਾਨ ਸਭਾ ਤੇ ਪ੍ਰੀਸ਼ਦ ਨੇ ਨਿਊਯਾਰਕ ਸਿਟੀ ਦੇ ਸਰਕਾਰੀ ਸਕੂਲਾਂ ਨੂੰ ਦੀਵਾਲੀ 'ਤੇ ਬੰਦ ਰੱਖਣ ਦੀ ਇਜਾਜ਼ਤ ਦੇਣ ਵਾਲਾ ਬਿੱਲ ਪਾਸ ਕੀਤਾ ਹੈ।

ਦਹਿਸ਼ਤਗਰਦ ਹਲਾਕ

ਸ੍ਰੀਨਗਰ : ਕੁਲਗਾਮ ਜ਼ਿਲ੍ਹੇ 'ਚ ਮੰਗਲਵਾਰ ਮੁਕਾਬਲੇ ਦੌਰਾਨ ਦਹਿਸ਼ਤਗਰਦ ਮਾਰਿਆ ਗਿਆ, ਜਦਕਿ ਇਕ ਸੁਰੱਖਿਆ ਕਰਮੀ ਜ਼ਖਮੀ ਹੋ ਗਿਆ। ਮੌਕੇ ਤੋਂ ਹਥਿਆਰ ਤੇ ਹੋਰ ਸਮੱਗਰੀ ਬਰਾਮਦ ਕੀਤੀ ਗਈ ਹੈ।

ਪ੍ਰਿਗੋਜ਼ਿਨ ਬਾਰੇ ਘਚੋਲਾ

ਮਾਸਕੋ : ਰੂਸ 'ਚ ਬਗਾਵਤ ਕਰਨ ਵਾਲੀ ਨਿੱਜੀ ਫੌਜ 'ਵੈਗਨਰ' ਦੇ ਨੇਤਾ ਯੇਵਗੇਨੀ ਪ੍ਰਿਗੋਜ਼ਿਨ 'ਗਾਇਬ' ਹੈ ਤੇ ਕਿਸੇ ਨੂੰ ਨਹੀਂ ਪਤਾ ਕਿ ਉਹ ਇਸ ਵੇਲੇ ਕਿਥੇ ਤੇ ਕਿਸ ਹਾਲ 'ਚ ਹੈ। ਕ੍ਰੈਮਲਿਨ ਨੇ ਕਿਹਾ ਹੈ ਕਿ ਪ੍ਰਿਗੋਜ਼ਿਨ ਨੂੰ ਗੁਆਂਢੀ ਬੇਲਾਰੂਸ 'ਚ ਜਲਾਵਤਨ ਕੀਤਾ ਜਾਵੇਗਾ ਪਰ ਨਾ ਤਾਂ ਉਸ ਨੇ ਅਤੇ ਨਾ ਹੀ ਬੇਲਾਰੂਸ ਦੇ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਕੀਤੀ ਹੈ। ਸੂਤਰਾਂ ਮੁਤਾਬਕ ਵਪਾਰਕ ਜੈੱਟ, ਜਿਸ ਨੂੰ ਪ੍ਰਿਗੋਜ਼ਿਨ ਕਥਿਤ ਤੌਰ 'ਤੇ ਵਰਤਦਾ ਹੈ, ਮੰਗਲਵਾਰ ਸਵੇਰੇ ਮਿੰਸਕ ਨੇੜੇ ਉਤਰਿਆ। ਦੇਸ਼ ਦੇ ਤਾਜ਼ਾ ਹਾਲਾਤ ਬਾਰੇ ਸੋਮਵਾਰ ਰਾਤ ਨੂੰ ਪੁਤਿਨ ਨੂੰ ਰੱਖਿਆ ਮੰਤਰੀ ਸਰਗੇਈ ਸ਼ੋਇਗੂ ਸਮੇਤ ਵੱਡੇ ਸੁਰੱਖਿਆ, ਕਾਨੂੰਨ ਲਾਗੂ ਕਰਨ ਵਾਲੇ ਅਤੇ ਫੌਜੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਰਾਸ਼ਟਰਪਤੀ ਭਵਨ ਦੇ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਨਹੀਂ ਪ੍ਰਿਗੋਜ਼ਿਨ ਕਿੱਥੇ ਹੈ।

ਸਾਡਾ ਹੱਥ ਨਹੀਂ : ਬਾਇਡਨ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਦਾਅਵਾ ਕੀਤਾ ਹੈ ਕਿ ਰੂਸ 'ਚ ਨਿੱਜੀ ਫੌਜ ਸਮੂਹ 'ਵੈਗਨਰ' ਦੀ ਬਗਾਵਤ 'ਚ ਅਮਰੀਕਾ ਅਤੇ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੀ ਕੋਈ ਭੂਮਿਕਾ ਨਹੀਂ ਹੈ। ਬਾਇਡਨ ਨੇ ਇਸ ਨੂੰ ਰੂਸੀ ਪ੍ਰਣਾਲੀ ਦਾ ਅੰਦਰੂਨੀ ਸੰਘਰਸ਼ ਕਰਾਰ ਦਿੱਤਾ।

ਸਾਂਝੇ ਸਿਵਲ ਕੋਡ 'ਤੇ ਘਮਸਾਨ

ਚੋਣਾਂ ਮੌਕੇ ਲੋਕਾਂ ਦਾ ਧਿਆਨ ਭਟਕਾਉਣ ਲਈ ਮੋਦੀ ਨੇ ਮੁੱਦਾ ਉਛਾਲਿਆ : ਆਪੋਜ਼ੀਸ਼ਨ

ਭੋਪਾਲ : ਸਾਂਝੇ ਸਿਵਲ ਕੋਡ ਨੂੰ ਲੈ ਕੇ ਮੰਗਲਵਾਰ ਤਕੜੀ ਜੰਗ ਛਿੜ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਦੀ 'ਮੇਰਾ ਬੂਥ ਸਬਸੇ ਮਜ਼ਬੂਤ' ਮੁਹਿੰਮ ਤਹਿਤ ਪਾਰਟੀ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸਾਂਝੇ ਸਿਵਲ ਕੋਡ ਤੇ ਤਿੰਨ ਤਲਾਕ ਬਾਰੇ ਵਿਚਾਰ ਪ੍ਰਗਟਾਏ। ਸਾਂਝੇ ਸਿਵਲ ਕੋਡ ਨੂੰ ਲੈ ਕੇ ਕਿਹਾ ਕਿ ਦੇਸ਼ 'ਦੋ ਕਾਨੂੰਨਾਂ' ਦੀ ਥਾਂ ਇਕ ਕਾਨੂੰਨ ਨਾਲ ਚੱਲਣਾ ਚਾਹੀਦਾ ਹੈ।

ਆਪੋਜ਼ੀਸ਼ਨ ਆਗੂਆਂ ਨੇ ਇਸ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਮੋਦੀ ਆਉਂਦੀਆਂ ਚੋਣਾਂ ਤੋਂ ਪਹਿਲਾਂ ਇਹ ਮੁੱਦਾ ਉਭਾਰ ਰਹੇ ਹਨ ਅਤੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਕਿਹਾ—ਉਨ੍ਹਾ (ਮੋਦੀ) ਨੂੰ ਪਹਿਲਾਂ ਗਰੀਬੀ, ਮਹਿੰਗਾਈ ਤੇ ਬੇਰੁਜ਼ਗਾਰੀ ਦਾ ਜਵਾਬ ਦੇਣਾ ਚਾਹੀਦਾ ਹੈ। ਉਹ ਮਨੀਪੁਰ ਬਾਰੇ ਕਦੇ ਨਹੀਂ ਬੋਲੇ, ਜਦਕਿ ਉਹ ਦੋ ਮਹੀਨਿਆਂ ਤੋਂ ਸੜ ਰਿਹਾ ਹੈ। ਕਾਂਗਰਸ ਦੇ ਹੀ ਆਗੂ ਤਾਰਿਕ ਅਨਵਰ ਨੇ ਕਿ ਪ੍ਰਧਾਨ ਮੰਤਰੀ ਧਰੁਵੀਕਰਨ ਦੀ ਸਿਆਸਤ ਖੇਡ ਰਹੇ ਹਨ। ਜਦੋਂ ਕੋਈ ਕਾਨੂੰਨ ਬਣਦਾ ਹੈ ਤਾਂ ਸਭ ਲਈ ਬਣਦਾ ਹੈ ਤੇ ਉਨ੍ਹਾਂ ਨੂੰ ਉਸ ਦੀ ਪਾਲਣਾ ਕਰਨੀ ਪੈਂਦੀ ਹੈ। ਉਨ੍ਹਾ ਮੱਧ ਪ੍ਰਦੇਸ਼ ਅਸੰਬਲੀ ਦੀ ਚੋਣ ਤੋਂ ਪਹਿਲਾਂ ਇਹ ਮੁੱਦੇ ਉਠਾਏ ਹਨ। ਮੋਦੀ ਦੇਸ਼ 'ਤੇ 9 ਸਾਲ ਤੋਂ ਰਾਜ ਕਰ ਰਹੇ ਹਨ। ਜੇ ਸਾਂਝਾ ਸਿਵਲ ਕੋਡ ਚਾਹੁੰਦੇ ਸਨ ਤਾਂ ਪਹਿਲਾਂ ਕਿਉਂ ਨਹੀਂ ਬਣਾਇਆ। ਸਾਰੀਆਂ ਪਾਰਟੀਆਂ ਇਸ 'ਤੇ ਆਪਣੀ ਗੱਲ ਰੱਖਦੀਆਂ, ਏਨੇ ਸਾਲ ਕੁਝ ਨਹੀਂ ਕੀਤਾ। ਕਾਂਗਰਸ ਦੇ ਹੀ ਆਰਿਫ ਮਸੂਦ ਨੇ ਪ੍ਰਧਾਨ ਮੰਤਰੀ ਨੂੰ ਚੇਤੇ ਕਰਾਇਆ ਕਿ ਉਨ੍ਹਾ ਡਾ. ਅੰਬੇਡਕਰ ਵੱਲੋਂ ਘੜੇ ਸੰਵਿਧਾਨ ਦੀ ਸਹੁੰ ਚੁੱਕੀ ਸੀ। ਦੇਸ਼ ਦੇ ਸਾਰੇ ਵਰਗਾਂ ਦਾ ਸੰਵਿਧਾਨ ਵਿਚ ਵਿਸ਼ਵਾਸ ਹੈ ਅਤੇ ਉਹ ਇਸ ਨੂੰ ਤਬਾਹ ਨਹੀਂ ਕਰਨ ਦੇਣਗੇ।

ਜਨਤਾ ਦਲ (ਯੂ) ਦੇ ਆਗੂ ਕੇ ਸੀ ਤਿਆਗੀ ਨੇ ਕਿਹਾ ਕਿ ਭਾਜਪਾ ਵੋਟ ਬੈਂਕ ਦੀ ਸਿਆਸਤ ਖੇਡ ਰਹੀ ਹੈ। ਸਾਂਝੇ ਸਿਵਲ ਕੋਡ ਦੇ ਮੁੱਦੇ 'ਤੇ ਸਾਰੀਆਂ ਪਾਰਟੀਆਂ ਤੇ ਧਿਰਾਂ ਨਾਲ ਵਿਚਾਰ-ਵਟਾਂਦਰਾ ਹੋਣਾ ਚਾਹੀਦਾ ਹੈ। ਡੀ ਐੱਮ ਕੇ ਦੇ ਟੀ ਕੇ ਐੱਸ ਏਲਾਂਗੋਵਾਨ ਨੇ ਕਿਹਾ ਕਿ ਸਾਂਝਾ ਸਿਵਲ ਕੋਡ ਪਹਿਲਾਂ ਹਿੰਦੂ ਧਰਮ ਵਿਚ ਲਾਗੂ ਕੀਤਾ ਜਾਵੇ। ਅਨੁਸੂਚਿਤ ਜਾਤਾਂ ਤੇ ਜਨਜਾਤਾਂ ਸਣੇ ਹਰੇਕ ਵਿਅਕਤੀ ਨੂੰ ਦੇਸ਼ ਦੇ ਹਰ ਮੰਦਰ ਵਿਚ ਪੂਜਾ ਕਰਨ ਦੀ ਆਗਿਆ ਹੋਵੇ। ਉਹ ਸਾਂਝਾ ਸਿਵਲ ਕੋਡ ਇਸ ਕਰਕੇ ਨਹੀਂ ਚਾਹੁੰਦੇ, ਕਿਉਂਕਿ ਸੰਵਿਧਾਨ ਨੇ ਹਰੇਕ ਧਰਮ ਦੀ ਰਾਖੀ ਦੀ ਗਰੰਟੀ ਦਿੱਤੀ ਹੈ। ਸਾਂਝਾ ਸਿਵਲ ਕੋਡ ਬੁਨਿਆਦੀ ਹੱਕਾਂ ਦੀ ਉਲੰਘਣਾ ਕਰਦਾ ਹੈ। ਮੋਦੀ ਨੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਜਿਹੜੇ ਤਿੰਨ ਤਲਾਕ ਦੇ ਹੱਕ 'ਚ ਹਨ, ਉਹ ਵੋਟਾਂ ਖਾਤਰ ਮੁਸਲਮਾਨ ਧੀਆਂ ਨਾਲ ਘੋਰ ਬੇਇਨਸਾਫੀ ਕਰ ਰਹੇ ਹਨ। ਜੇ ਤਿੰਨ ਤਲਾਕ ਦੀ ਰਵਾਇਤ ਇਸਲਾਮ ਵਿਚ ਜ਼ਰੂਰੀ ਹੁੰਦੀ ਤਾਂ ਕਤਰ, ਜਾਰਡਨ, ਇੰਡੋਨੇਸ਼ੀਆ, ਪਾਕਿਸਤਾਨ ਤੇ ਬੰਗਲਾਦੇਸ਼ ਨੇ ਇਸ 'ਤੇ ਕਿਉਂ ਰੋਕ ਲਾਈ। ਆਲ ਇੰਡੀਆ ਮਜਲਿਸ-ਇ-ਇਤਿਹਾਦਉਲ ਮੁਸਲਮੀਨ ਦੇ ਪ੍ਰਧਾਨ ਅਸਦਉੱਦੀਨ ਓਵੈਸੀ ਨੇ ਕਿਹਾ—ਮੋਦੀ ਜੀ ਦਾ ਕਹਿਣਾ ਹੈ ਕਿ ਪਾਕਿਸਤਾਨ ਵਿਚ ਤਿੰਨ ਤਲਾਕ 'ਤੇ ਰੋਕ ਹੈ। ਮੋਦੀ ਜੀ ਪਾਕਿਸਤਾਨ ਦੇ ਕਾਨੂੰਨ ਤੋਂ ਕਿਉਂ ਪ੍ਰੇਰਨਾ ਲੈ ਰਹੇ ਹਨ? ਉਨ੍ਹਾ ਭਾਰਤ ਵਿਚ ਤਿੰਨ ਤਲਾਕ 'ਤੇ ਰੋਕ ਦਾ ਕਾਨੂੰਨ ਬਣਾਇਆ ਹੈ, ਪਰ ਧਰਾਤਲ 'ਤੇ ਇਸ ਦਾ ਕੋਈ ਅਸਰ ਨਹੀਂ ਹੋਇਆ, ਸਗੋਂ ਮੁਸਲਿਮ ਮਹਿਲਾਵਾਂ ਦੀ ਲੁਟਚੋਂਘ ਵਧੀ ਹੈ। ਅਸੀਂ ਹਮੇਸ਼ਾ ਇਹ ਕਹਿੰਦੇ ਆਏ ਹਾਂ ਕਿ ਸਮਾਜੀ ਸੁਧਾਰ ਕਾਨੂੰਨਾਂ ਨਾਲ ਨਹੀਂ ਹੁੰਦੇ। ਜੇ ਕਾਨੂੰਨ ਬਣਾਉਣਾ ਹੈ ਤਾਂ ਉਨ੍ਹਾਂ ਖਿਲਾਫ ਬਣਾਇਆ ਜਾਵੇ, ਜਿਹੜੇ ਮਰਦ ਪਤਨੀਆਂ ਨੂੰ ਛੱਡਦੇ ਹਨ।

ਮੂੰਗੀ ਦੀ ਐੱਮ ਐੱਸ ਪੀ 'ਤੇ ਖਰੀਦ ਲਈ ਪ੍ਰਦਰਸ਼ਨ

ਮੋਹਾਲੀ : ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਮੰਗਲਵਾਰ ਕਿਸਾਨ ਜਥੇਬੰਦੀਆਂ ਨੇ ਮੂੰਗੀ ਦੀ ਫਸਲ ਦੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਯਕੀਨੀ ਬਣਾਉਣ ਦੀ ਮੰਗ ਲਈ ਪੰਜਾਬ ਸਰਕਾਰ ਖਿਲਾਫ ਪ੍ਰਦਰਸ਼ਨ ਕੀਤਾ। ਪੰਜਾਬ ਭਰ 'ਚੋਂ ਕਿਸਾਨਾਂ ਦੇ ਜਥੇ ਸਵੇਰੇ 10 ਵਜੇ ਮੁਹਾਲੀ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਦੇ ਬਾਹਰ ਪਹੁੰਚਣੇ ਸ਼ੁਰੂ ਹੋ ਗਏ ਅਤੇ ਬਾਅਦ ਦੁਪਹਿਰ 1 ਵਜੇ ਤੱਕ ਵੱਡਾ ਇਕੱਠ ਹੋ ਗਿਆ। ਕਿਸਾਨਾਂ ਨੇ ਇੱਥੇ ਮੰਗਾਂ 'ਤੇ ਲੰਮੀ ਚਰਚਾ ਕੀਤੀ। ਇਸ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਵੱਲ ਕੂਚ ਕਰਨ ਦਾ ਯਤਨ ਕੀਤਾ, ਪਰ ਮੁਹਾਲੀ ਪੁਲਸ ਨੇ ਕਿਸਾਨਾਂ ਨੂੰ ਫੇਜ਼-7 ਦੇ ਟਰੈਫਿਕ ਲਾਈਟ ਪੁਆਇੰਟ 'ਤੇ ਰੋਕ ਲਿਆ। ਪ੍ਰਦਰਸ਼ਨ 'ਚ ਕਰੀਬ 33 ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

ਮੰਡੀਆਂ 'ਚ ਭਾਈ ਲਾਲੋਆਂ ਦੀ ਹੋ ਰਹੀ ਲੁੱਟ ਬੰਦ ਕਰਵਾਈ ਜਾਵੇ : ਬਰਾੜ, ਸਾਂਬਰ

ਚੰਡੀਗੜ੍ਹ (ਗਿਆਨ ਸੈਦਪੁਰੀ)

ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਅਤੇ ਪਾਰਟੀ ਨਾਲ ਸੰਬੰਧਤ ਕਿਸਾਨ ਸਭਾ ਨੇ ਮੱਕੀ ਅਤੇ ਮੂੰਗੀ ਦੇ ਸਮਰਥਨ ਮੁੱਲ ਦੇ ਸੰਦਰਭ ਵਿੱਚ ਪੰਜਾਬ ਸਰਕਾਰ ਦੀ ਵਾਅਦਾ-ਖਿਲਾਫੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਸ ਦੇ ਨਾਲ ਹੀ ਧਾਰਮਕ ਮਾਮਲਿਆਂ ਵਿੱਚ ਭਾਰਤੀ ਸੰਵਿਧਾਨ ਦੀ ਭਾਵਨਾ ਦੇ ਉਲਟ ਜਾਣ ਦੇ ਵਰਤਾਰੇ ਨੂੰ ਵੀ ਪੰਜਾਬ ਦੇ ਲੋਕਾਂ ਅੰਦਰ ਬੇਚੈਨੀ ਤੇ ਬੇਗਾਨਗੀ ਪੈਦਾ ਕਰਨ ਦੇ ਪੰਜਾਬ ਸਰਕਾਰ ਦੇ ਵਤੀਰੇ ਨੂੰ ਮੰਦਭਾਗਾ ਕਰਾਰ ਦਿੱਤਾ ਹੈ।

ਮੰਗਲਵਾਰ ਸੀ ਪੀ ਆਈ ਦੇ ਸਦਰ ਮੁਕਾਮ ਚੰਡੀਗੜ੍ਹ ਤੋਂ ਸੀ ਪੀ ਆਈ ਦੀ ਪੰਜਾਬ ਇਕਾਈ ਦੇ ਸਕੱਤਰ ਬੰਤ ਸਿੰਘ ਬਰਾੜ ਅਤੇ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਭੁਪਿੰਦਰ ਸਿੰਘ ਸਾਂਬਰ ਨੇ ਸਾਂਝੇ ਬਿਆਨ ਵਿੱਚ ਪੰਜਾਬ ਸਰਕਾਰ ਵੱਲੋਂ ਮਿਹਨਤੀ ਲੋਕਾਂ ਦੇ ਹਿੱਤਾਂ ਦੀ ਅਣਦੇਖੀ ਕਰਨ ਅਤੇ ਧਨਾਢ ਵਪਾਰੀਆਂ ਨੂੰ ਖੁੱਲ੍ਹ ਦੇ ਕੇ ਕਿਸਾਨਾਂ ਦੀ ਲੁੱਟ-ਖਸੁੱਟ ਦੀ ਖੁੱਲ੍ਹ ਦੇਣ ਦੀ ਸਖਤ ਸਬਦਾਂ ਵਿੱਚ ਨਿਖੇਧੀ ਕੀਤੀ ਹੈ। ਆਗੂਆਂ ਕਿਹਾ ਕਿ ਪੁਖਤਾ ਜਾਣਕਾਰੀ ਮੁਤਾਬਕ ਪਿਛਲੇ ਸਾਲ 80 ਫੀਸਦੀ ਅਤੇ ਚਲੰਤ ਸੀਜ਼ਨ ਵਿੱਚ ਹੁਣ ਤੱਕ 70 ਫੀਸਦੀ ਮੂੰਗੀ 'ਤੇ ਕਿਸਾਨਾਂ ਨੂੰ 955 ਰੁਪਏ ਪ੍ਰਤੀ ਕੁਇੰਟਲ ਘੱਟ ਮਿਲੇ ਹਨ। ਭਾਈ ਲਾਲੋਆਂ ਦੀ ਇਹ ਲੁੱਟ ਮੂੰਗੀ ਦੀ ਫਸਲ 'ਤੇ ਘੱਟੋ-ਘੱਟ ਸਮਰਥਨ ਮੁੱਲ ਨਾ ਦਿੱਤੇ ਜਾਣ ਕਾਰਨ ਹੋਈ ਹੈ। ਅੱਗੋਂ ਸਿਤਮਜ਼ਰੀਫੀ ਇਹ ਹੈ ਕਿ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਕੋਈ ਕੋਸ਼ਿਸ਼ ਨਹੀ ਕੀਤੀ ਜਾ ਰਹੀ, ਸਗੋਂ ਸਰਕਾਰੀ ਖਰੀਦ ਏਜੰਸੀਆਂ ਮੰਡੀਆਂ ਵਿੱਚੋਂ ਨਾਦਾਰਦ ਹਨ।

ਕੇਂਦਰ ਸਰਕਾਰ ਵੱਲੋ ਪੇਂਡੂ ਵਿਕਾਸ ਫੰਡ ਦੀ ਅਦਾਇਗੀ ਨਾ ਕੀਤੇ ਜਾਣ ਦਾ ਬਹਾਨਾ ਬਣਾ ਕੇ ਇਸੇ ਮਹੀਨੇ ਡੀਜ਼ਲ ਅਤੇ ਪੈਟਰੋਲ ਦੇ ਭਾਅ ਸਮੁੱਚੇ ਉੱਤਰੀ ਭਾਰਤ ਨਾਲੋਂ ਵਧਾ ਦਿੱਤੇ ਗਏ ਹਨ। ਸਰਕਾਰ ਨੇ ਅਸੈਂਬਲੀ ਅਜਲਾਸ ਤਾਂ ਲਾਇਆ, ਪਰ ਇਸ ਵਿੱਚ ਲੋਕ ਹਿੱਤਾਂ ਨਾਲ ਜੁੜੇ ਸਵਾਲਾਂ 'ਤੇ ਕੋਈ ਵਿਚਾਰ ਨਹੀਂ ਕੀਤਾ ਗਿਆ। ਕੇਂਦਰ ਕੋਲੋਂ ਪੇਂਡੂ ਵਿਕਾਸ

28-JUNE-PAGE-1.qxd 6/27/2023 9:22 PM Page 2

ਪਾਇਲ ਪ੍ਰਧਾਨ ਤੇ ਅਕਾਸ਼ਦੀਪ ਬਣੇ ਜਨਰਲ ਸਕੱਤਰ

ਭੀਖੀ (ਧਰਮਵੀਰ ਸ਼ਰਮਾ)-ਅਮਚੋਰ ਕਰਾਟੇ-ਡੂ ਐਸੋਸੀਏਸ਼ਨ ਜ਼ਿਲ੍ਹਾ ਮਾਨਸਾ ਗਵਰਨਿੰਗ ਬਾਡੀ ਦੀ ਇੱਕ ਵਿਸ਼ੇਸ਼ ਮੀਟਿੰਗ ਵਾਇਕਿੰਗ ਮਾਰਸ਼ਲ ਆਰਟ ਅਕੈਡਮੀ ਭੀਖੀ ਵਿਖੇ ਕੀਤੀ ਗਈ। ਮੀਟਿੰਗ ਵਿੱਚ ਮੈਡਮ ਪਾਇਲ ਫਿਜੀਕਲ ਲੈਕਚਰਾਰ ਐੱਸ ਡੀ ਕਾਲਜ (ਲੜਕੀਆਂ) ਮਾਨਸਾ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਐਡਵੋਕੇਟ ਲਖਵਿੰਦਰ ਸਿੰਘ ਲਖਣਪਾਲ ਮਾਨਸਾ ਉੱਪ ਪ੍ਰਧਾਨ ਤੇ ਕਰਾਟੇ ਕੋਚ ਅਕਾਸ਼ਦੀਪ ਸਿੰਘ ਨੂੰ ਜਨਰਲ ਸਕੱਤਰ ਤੇ ਹਰਦੀਪ ਕੌਰ ਕਰਾਟੇ ਕੋਚ ਨੂੰ ਮੀਤ ਸਕੱਤਰ ਚੁਣਿਆ ਗਿਆ ਤੇ ਬਲਜਿੰਦਰ ਸਿੰਘ ਵਿੱਕੀ ਫੱਤਾ ਮਾਲੋਕਾ ਨੂੰ ਖਜ਼ਾਨਚੀ, ਅੰਮ੍ਰਿਤਪਾਲ ਕੌਰ ਨੂੰ ਪੀ ਆਰ ਓ ਤੇ ਪਰਵਿੰਦਰ ਸਿੰਘ ਨੂੰ ਪ੍ਰੈੱਸ ਸਕੱਤਰ ਬਣਾਇਆ ਗਿਆ ਹੈ। ਮੀਟਿੰਗ ਵਿੱਚ ਐਸੋਸੀਏਸ਼ਨ ਵੱਲੋਂ ਜੁਲਾਈ ਮਹੀਨੇ ਵਿੱਚ ਜ਼ਿਲ੍ਹਾ ਕਰਾਟੇ ਟੂਰਨਾਮੈਂਟ ਕਰਵਾਉਣ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਅਮਚੋਰ ਕਰਾਟੇ ਫਾਊਂਡੇਸ਼ਨ ਪੰਜਾਬ ਦੇ ਉੱਪ ਪ੍ਰਧਾਨ ਕਰਨ ਸਿੰਘ ਚੌਹਾਨ, ਖੁਸ਼ੀ ਸੰਦੌੜ, ਡਾ. ਕੁਲਦੀਪ ਸਿੰਘ ਤੇ ਧੰਨਜੀਤ ਸਿੰਘ ਭੀਖੀ ਹਾਜ਼ਰ ਸਨ।

ਵਿਧਾਇਕ ਨੇ ਪਿੰਡ-ਪਿੰਡ ਜਾ ਕੇ ਮਨਰੇਗਾ ਵਰਕਰਾਂ ਦੀਆਂ ਮੁਸ਼ਕਲਾਂ ਸੁਣੀਆਂ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਵਿਧਾਇਕ ਤਰਨਪ੍ਰੀਤ ਸਿੰਘ ਸੌਂਦ ਵੱਲੋਂ ਪੰਜ ਪੰਜ ਪਿੰਡਾਂ ਦੇ ਜ਼ੋਨ ਬਣਾ ਕੇ ਮਨਰੇਗਾ ਵਰਕਰਾਂ ਦੀਆਂ ਸਮੱਸਿਆਵਾਂ ਸੁਣੀਆਂ। ਸਭ ਤੋਂ ਪਹਿਲਾਂ ਪਹੁੰਚੇ ਪਿੰਡ ਭਾਦਲਾ ਜਿਥੇ ਪਿੰਡ ਭਾਦਲਾ ਉੱਚਾ, ਭਾਦਲਾ ਨੀਚਾ, ਭਾਦਲਾ ਬਾਜੀਗਰ ਬਸਤੀ, ਮਾਣਕ ਮਾਜਰਾ ਅਤੇ ਅਲੀਪੁਰ ਆਦਿ ਪਿੰਡਾਂ ਦੇ ਮਨਰੇਗਾ ਵਰਕਰ ਵੱਡੀ ਗਿਣਤੀ ਵਿਚ ਪਹੁੰਚੇ ਹੋਏ ਸਨ। ਹਲਕਾ ਵਿਧਾਇਕ ਵੱਲੋਂ ਇਨ੍ਹਾਂ ਮਨਰੇਗਾ ਵਰਕਰਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਹਲਕਾ ਖੰਨਾ ਦੇ ਵਿਧਾਇਕ ਤਰਨਪ੍ਰੀਤ ਸਿੰਘ ਸੌਂਦ ਆਮ ਆਦਮੀ ਆਮ ਆਦਮੀ ਪਾਰਟੀ ਦੇ ਮੀਤ ਪ੍ਰਧਾਨ ਬਣਨ 'ਤੇ ਪਿੰਡ ਭਾਦਲਾ ਵਿਖੇ ਪਹੁੰਚੇ ਤਾਂ ਸਰਪੰਚ ਜਗਜੀਤ ਕੌਰ, ਭਾਈ ਲਾਲ ਸਿੰਘ ਪਤੀ ਸਰਪੰਚ ਭਾਦਲਾ ਨੀਚਾ, ਸਰਪੰਚ ਰਘਬੀਰ ਸਿੰਘ ਭਾਦਲਾ ਉੱਚਾ ,ਆਮ ਆਦਮੀ ਪਾਰਟੀ ਦੇ ਵਲੰਟੀਅਰ ਚਰਨਜੀਤ ਸਿੰਘ ਚੰਨਾ ਵੱਲੋਂ ਸਿਰੋਪਾਓ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਮੁਬਾਰਕਾਂ ਦਿੱਤੀਆਂ। ਉਸ ਤੋਂ ਬਾਅਦ ਹਲਕਾ ਵਿਧਾਇਕ ਤਰਨਪ੍ਰੀਤ ਸਿੰਘ ਸੌਂਦ ਪਿੰਡ ਬੂਥਗੜ੍ਹ ਪਹੁੰਚੇ, ਜਿੱਥੇ ਪਿੰਡ ਰਤਨਹੇੜੀ ਸਾਹਿਬਪੁਰ, ਮੋਹਨਪੁਰ, ਰਾਮਗੜ੍ਹ ਆਦਿ ਪਿੰਡਾਂ ਦੇ ਮਨਰੇਗਾ ਵਰਕਰ ਦਾ ਭਾਰੀ ਇੱਕਠ ਕੀਤਾ ਹੋਇਆ ਸੀ। ਹਲਕਾ ਵਿਧਾਇਕ ਵੱਲੋਂ ਮਨਰੇਗਾ ਵਰਕਰਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਹਲਕਾ ਵਿਧਾਇਕ ਨੇ ਕਿਹਾ ਆਮ ਆਦਮੀ ਦੀ ਪਾਰਟੀ ਆਮ ਆਦਮੀ ਪਾਰਟੀ ਦੀ ਸਰਕਾਰ ਪਿੰਡਾਂ ਦੇ ਵਿਕਾਸ ਲਈ ਕੋਈ ਕਸਰ ਨਹੀਂ ਛੱਡੇਗੀ।

ਠੰਢੇ ਮਿੱਠੇ ਜਲ ਤੇ ਮਿੱਠੇ ਚੌਲਾਂ ਦਾ ਲੰਗਰ ਲਗਾਇਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ)-ਸ਼ਹਿਰ ਦੇ ਖਾਲਸਾ ਸਕੂਲ ਰੋਡ 'ਤੇ ਸਥਿਤ ਮਾਨ ਚੌਕ ਵਿਖੇ ਸਮੂਹ ਦੁਕਾਨਦਾਰਾਂ ਵੱਲੋਂ ਮਿੱਠੇ ਚੌਲਾਂ ਤੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਦੌਰਾਨ ਜਾਣਕਾਰੀ ਦਿੰਦਿਆਂ ਸਟਰਿੰਗ ਯੂਨੀਅਨ ਦੇ ਪ੍ਰਧਾਨ ਰੋਸ਼ਨ ਲਾਲ ਕਪੂਰ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਕਹਿਰ ਦੀ ਗਰਮੀ ਤੋਂ ਰਾਹਤ ਪਾਉਣ ਲਈ ਰਾਹਗੀਰਾਂ ਨੂੰ ਠੰਢੇ ਮਿੱਠੇ ਜਲ ਤੇ ਮਿੱਠੇ ਚੌਲਾਂ ਦਾ ਲੰਗਰ ਅਤੂੱਟ ਵਰਤਾਇਆ ਗਿਆ। ਇਸ ਦੌਰਾਨ ਵੱਡੀ ਗਿਣਤੀ 'ਚ ਰਾਹਗੀਰਾਂ ਨੇ ਠੰਢਾ ਮਿੱਠਾ ਜਲ ਛਕ ਕੇ ਗਰਮੀ ਤੋਂ ਰਾਹਤ ਮਹਿਸੂਸ ਕੀਤੀ। ਇਸ ਮੌਕੇ ਵਿਜੇ ਕੁਮਾਰ, ਡਾ. ਬਲਜੀਤ ਸਿੰਘ ਅਮਰਾ, ਚੰਦ ਭੰਡਾਰੀ, ਸੋਨੂੰ ਪ੍ਰਧਾਨ, ਗੁਰਦਾਸ, ਸਾਹਿਲ ਭੰਡਾਰੀ, ਕਰਮ ਸਿੰਘ, ਸੁਖਦੇਵ ਸਿੰਘ, ਮਨਪ੍ਰੀਤ ਸਿੰਘ ਤੇ ਹਨਾ ਟੇਲਰ ਮਾਸਟਰ ਆਦਿ ਨੇ ਵੀ ਸੇਵਾ ਨਿਭਾਈ।

ਲੇਖਕ ਜਸਵੀਰ ਸ਼ਰਮਾ ਦੱਦਾਹੂਰ ਵੱਲੋਂ ਲਾਇਬ੍ਰੇਰੀ ਨੂੰ ਪੁਸਤਕਾਂ ਭੇਟ

ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)-ਡਾਕਟਰ ਦਰਸ਼ਨ ਸਿੰਘ ਬਰਾੜ ਯਾਦਗਾਰੀ ਲਾਇਬਰੇਰੀ ਖੂਨੀ ਮਸੀਤ ਰੋਡ ਮੋਗਾ ਵਿਖੇ ਵਿਰਸੇ ਦੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਨੇ ਆਪਣੀਆਂ ਹੁਣ ਤੱਕ ਆਈਆਂ ਸਾਰੀਆਂ ਹੀ ਸੱਤ ਪੁਸਤਕਾਂ (ਵਿਰਸੇ ਦੀ ਲੋਅ, ਵਿਰਸੇ ਦੀ ਖੁਸ਼ਬੋ, ਵਿਰਸੇ ਦੀ ਸੌਗਾਤ, ਪੰਜਾਬੀ ਵਿਰਸੇ ਦੀਆਂ ਅਣਮੁੱਲੀਆਂ ਯਾਦਾਂ, ਵਿਰਸੇ ਦੀਆਂ ਪੌਣਾਂ, ਸਾਡਾ ਵਿਰਸਾ ਤੇ ਵਿਰਸੇ ਦੇ ਰਾਗ) ਦੀਆਂ ਦੋ ਦੋ ਕਾਪੀਆਂ ਤੇ ਜਸਪ੍ਰੀਤ ਕੌਰ ਪ੍ਰੀਤ, ਲਾਲ ਸਿੰਘ ਕਲਸੀ, ਗੁਰਪ੍ਰੀਤ ਸਿੰਘ ਹਬੀਬ, ਹੀਰਾ ਸਿੰਘ ਤੂਤ, ਮਨਪ੍ਰੀਤ ਕੌਰ ਢੀਂਡਸਾ, ਸੁਖਵਿੰਦਰ ਸਮਰਾ, ਸੁਖਵੀਰ ਕੌਰ ਸਰਾਂ ਤੇ ਕਾਫੀ ਸਾਰੇ ਮੈਗਜ਼ੀਨਾਂ ਸਮੇਤ ਕਰੀਬ ਪੰਜਾਹ ਕਿਤਾਬਾਂ ਡਾਕਟਰ ਮੈਡਮ ਸਰਬਜੀਤ ਕੌਰ ਬਰਾੜ, ਸੋਨੀ ਮੋਗਾ ਨਰਪਿੰਦਰ ਸਿੰਘ ਮੋਗਾ ਤੇ ਡਾਕਟਰ ਸਾਹਿਬ ਦੇ ਸਟਾਫ ਦੀ ਹਾਜ਼ਰੀ ਵਿੱਚ ਭੇਟ ਕੀਤੀਆਂ। ਇਸ ਸਮੇਂ ਡਾਕਟਰ ਸਾਹਿਬ ਨੇ ਗੱਲ ਕਰਦਿਆਂ ਦੱਸਿਆ ਕਿ ਕਾਫੀ ਸਾਰੇ ਲੇਖਕਾਂ ਨੇ ਹੁਣ ਤੱਕ ਕਰੀਬ ਚਾਰ ਸੌ ਦੇ ਕਰੀਬ ਸਾਨੂੰ ਇਸ ਲਾਇਬ੍ਰੇਰੀ ਲਈ ਪੁਸਤਕਾਂ ਭੇਟ ਕੀਤੀਆਂ ਹਨ। ਡਾਕਟਰ ਸਾਹਿਬ ਨੇ ਦੱਸਿਆ ਕਿ ਇਹ ਲਾਇਬ੍ਰੇਰੀ ਇਸ ਇਲਾਕੇ ਦੀ ਸਭ ਤੋਂ ਵੱਡੀ ਲਾਇਬ੍ਰੇਰੀ ਹੋਵੇਗੀ ਤੇ ਚੰਗੇ ਲੇਖਕਾਂ ਦੀਆਂ ਕਿਤਾਬਾਂ ਮੌਜੂਦ ਰਹਿਣਗੀਆਂ, ਇਸ ਲਾਇਬ੍ਰੇਰੀ ਤੋਂ ਮੋਗਾ ਸ਼ਹਿਰ ਤੇ ਇਲਾਕੇ ਦੇ ਸਾਹਿਤ ਪ੍ਰੇਮੀ ਪੁਸਤਕਾਂ ਪੜ੍ਹ ਕੇ ਕਿਤਾਬਾਂ ਨਾਲ ਜੁੜਨਗੇ। ਸੋਨੀ ਮੋਗਾ ਵੱਲੋਂ ਵੀ ਪਹਿਲਾਂ ਇਸ ਲਾਇਬ੍ਰੇਰੀ ਨੂੰ ਪੁਸਤਕਾਂ ਭੇਟ ਕੀਤੀਆਂ ਗਈਆਂ ਹਨ, ਦੋਹਾਂ ਲੇਖਕਾਂ ਤੇ ਪਹਿਲਾਂ ਪੁਸਤਕਾਂ ਭੇਜਣ ਵਾਲੇ ਸਾਰੇ ਲੇਖਕ ਦੋਸਤਾਂ ਦਾ ਡਾਕਟਰ ਸਰਬਜੀਤ ਕੌਰ ਬਰਾੜ ਨੇ ਦਿਲੋਂ ਧੰਨਵਾਦ ਕੀਤਾ।

ਸਰਕਾਰ ਮੂੰਗੀ 7755 ਤੇ ਮੱਕੀ 2090 ਰੁਪਏ ਸਰਕਾਰੀ ਰੇਟ 'ਤੇ ਖਰੀਦੇ : ਫੁਰਮਾਨ ਸੰਧੂ/ਸੁੱਖ ਗਿੱਲ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਸੁੱਖ ਗਿੱਲ ਤੋਤਾ ਸਿੰਘ ਵਾਲਾ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਤੇ ਕੌਮੀ ਜਨਰਲ ਸਕੱਤਰ ਪੰਜਾਬ ਸਾਥੀਆਂ ਨਾਲ ਕਿਸਾਨਾਂ ਦਾ ਹਾਲ ਜਾਨਣ ਲਈ ਪਹੁੰਚੇ ਤਾਂ ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਮੂੰਗੀ ਅਤੇ ਮੱਕੀ ਦੀ ਫਸਲ ਲੈ ਕੇ ਮੰਡੀ ਵਿੱਚ ਬੈਠਿਆਂ ਨੂੰ 5 ਤੋਂ 7 ਦਿਨ ਹੋ ਗਏ, ਪਰ ਸਰਕਾਰ ਵੱਲੋਂ ਕੋਈ ਵੀ ਅਧਿਕਾਰੀ ਮੂੰਗੀ ਅਤੇ ਮੱਕੀ ਦੀ ਸਰਕਾਰੀ ਖਰੀਦ ਕਰਨ ਨਹੀਂ ਪਹੁੰਚਿਆ ਤੇ ਵਪਾਰੀ ਆਪਣੀ ਮਰਜ਼ੀ ਦਾ ਰੇਟ ਮੂੰਗੀ 5500 ਤੋਂ ਲੈ ਕੇ 6300 ਤੇ ਮੱਕੀ 1300 ਤੋਂ ਲੈ ਕੇ 1500 ਤੱਕ ਖਰੀਦ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਅਤੇ ਕੌਮੀ ਜਨਰਲ ਸਕੱਤਰ ਪੰਜਾਬ ਸੁੱਖ ਗਿੱਲ ਤੋਤਾ ਸਿੰਘ ਵਾਲਾ ਵੱਲੋਂ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਜਾਂ ਤਾਂ ਸਰਕਾਰ ਮੂੰਗੀ ਦੀ ਫ਼ਸਲ ਦੀ ਖਰੀਦ 7755 /-(3) ਮੱਕੀ 2090 ਰੁਪਏ ਸਰਕਾਰੀ ਰੇਟ ਤੇ ਕਰੇ ਨਈਂ ਤਾਂ ਆਉਣ ਵਾਲੇ ਦਿਨਾਂ ਵਿੱਚ ਇਹ ਮਸਲਾ ਸੰਯੁਕਤ ਕਿਸਾਨ ਮੋਰਚਾ ਪੰਜਾਬ 'ਚ ਵਿਚਾਰ ਕੇ ਅਗਲੀ ਰਣਨੀਤੀ ਤਹਿ ਕਰਕੇ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਹਰਦਿਆਲ ਸਿੰਘ ਸਰਪੰਚ ਸਾਹਵਾਲਾ, ਦਵਿੰਦਰ ਸਿੰਘ ਕੋਟ ਈਸੇ ਖਾਂ, ਹਰਦੇਵ ਸਿੰਘ ਸ਼ੇਰੇਵਾਲਾ, ਤਲਵਿੰਦਰ ਗਿੱਲ ਯੂਥ ਕਿਸਾਨ ਆਗੂ, ਮਨਦੀਪ ਸਿੰਘ ਮੰਨਾ ਬਲਾਕ ਪ੍ਰਧਾਨ ਧਰਮਕੋਟ ਹਾਜ਼ਰ ਸਨ।

ਨਸ਼ਾ ਵਿਰੋਧੀ ਮੁਹਿੰਮ ਨੂੰ ਸਮਰਪਤ ਵਿਸ਼ੇਸ਼ ਫਲੈਕਸ ਡੀ ਐੱਸ ਪੀ ਨੂੰ ਭੇਟ

ਧੂਰੀ (ਸੁਖਦੇਵ ਧੂਰੀ)-ਲੰਮੇ ਸਮੇਂ ਤੋਂ ਨਸ਼ਿਆਂ ਖਿਲਾਫ ਮੁਹਿੰਮ ਵਿੱਢੀ ਬੈਠੇ ਸਮਾਜ ਸੇਵੀ ਚਰਨਜੀਤ ਸਿੰਘ ਕੈਂਥ ਨੇ ਨਸ਼ਾ ਵਿਰੋਧੀ ਮੁਹਿੰਮ ਨੂੰ ਹੁਲਾਰਾ ਦੇਣ ਲਈ ਇਕ ਨਿਵੇਕਲੀ ਕਿਸਮ ਦਾ ਫਲੈਕਸ ਡੀ ਐੱਸ ਪੀ ਕਰਨ ਸਿੰਘ ਸੰਧੂ ਨੂੰ ਉਨ੍ਹਾਂ ਦੇ ਸਥਾਨਕ ਦਫਤਰ ਵਿਖੇ ਭੇਟ ਕੀਤਾ। ਇਸ ਫਲੈਕਸ ਵਿੱਚ ਨਸ਼ਿਆਂ ਦੀ ਵਰਤੋਂ ਕਾਰਨ ਲੱਗਣ ਵਾਲੀਆਂ ਬਿਮਾਰੀਆਂ ਦਾ ਵੱਖਰੇ ਢੰਗ ਨਾਲ ਵਰਨਣ ਕੀਤਾ ਹੈ। ਇਸ ਮੌਕੇ ਮਾਨਯੋਗ ਡੀ ਐੱਸ ਪੀ ਨੇ ਚਰਨਜੀਤ ਸਿੰਘ ਕੈਂਥ ਦੇ ਇਸ ਵਿਲੱਖਣ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਨਸ਼ਈ ਵਿਅਕਤੀ ਨੂੰ ਸਮਾਜ ਵਿੱਚ ਹਮੇਸ਼ਾ ਤ੍ਰਿਸਕਾਰ ਦੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਇਸ ਮੌਕੇ ਇਸ ਗੱਲ 'ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਨਸ਼ਿਆਂ ਖਿਲਾਫ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਲਈ ਸਕੂਲਾਂ ਤੇ ਕਾਲਜਾਂ 'ਚ ਸੈਮੀਨਾਰ ਕੀਤੇ ਜਾਣੇ ਚਾਹੀਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਾ ਮੁਕਤ ਡੀ ਪੀ ਆਰ ਓ ਮਨਜੀਤ ਸਿੰਘ ਬਖਸ਼ੀ, ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸ਼ਰਮਾ, ਸੇਵਾ ਮੁਕਤ ਕਾਰਜ ਸਾਧਕ ਅਫਸਰ ਸਤੀਸ਼ ਕੁਮਾਰ ਗਰਗ, ਡਾਕਟਰ ਰਾਕੇਸ਼ ਕੁਮਾਰ ਗਰਗ ਤੇ ਸਾਂਝ ਕੇਂਦਰ ਦੇ ਇੰਚਾਰਜ ਅਸ਼ਵਨੀ ਕੁਮਾਰ ਸ਼ਰਮਾ ਏ ਐੱਸ ਆਈ ਮੌਜੂਦ ਸਨ।

ਐੱਸ ਪੀ ਵੱਲੋਂ ਇਨਕੁਆਇਰੀ ਅਫਸਰ ਬਦਲਣ ਦਾ ਭਰੋਸਾ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਪਿਛਲੇ ਸਾਲ ਨਵੰਬਰ ਮਹੀਨੇ ਵਿੱਚ ਸਰਕਾਰੀ ਸਕੂਲਾਂ 'ਚ ਪੜ੍ਹਦੇ ਵਿਦਿਆਰਥੀਆਂ ਦੇ ਵਿੱਦਿਅਕ ਟੂਰਾਂ ਦੇ ਮਸਲੇ 'ਤੇ ਤਤਕਾਲੀ ਡਿਪਟੀ ਡੀ.ਈ.ਓ.(ਸੈ.ਸਿੱ.) ਸੰਗਰੂਰ ਵੱਲੋਂ ਡੈਮੋਕ੍ਰੈਟਿਕ ਟੀਚਰਜ ਫਰੰਟ ਪੰਜਾਬ ਦੀ ਜ਼ਿਲ੍ਹਾ ਸੰਗਰੂਰ ਇਕਾਈ ਦੇ ਪੰਜ ਆਗੂਆਂ ਵਿਰੁੱਧ ਦਰਜ ਕਰਾਈ ਐੱਫ.ਆਈ.ਆਰ. ਦੇ ਸਬੰਧ ਡੀ.ਟੀ.ਐੱਫ. ਤੇ ਸੰਗਰੂਰ ਜ਼ਿਲ੍ਹੇ ਦੀਆਂ ਕਿਸਾਨ, ਮਜ਼ਦੂਰ, ਵਿਦਿਆਰਥੀ, ਅਧਿਆਪਕ ਤੇ ਜਨਤਕ ਜਮਹੂਰੀ ਜਥੇਬੰਦੀਆਂ ਦਾ ਇੱਕ ਵੱਡਾ ਵਫ਼ਦ ਇਸ ਮਾਮਲੇ ਦੀ ਪੜਤਾਲ ਕਰ ਰਹੇ ਡੀ.ਐੱਸ.ਪੀ. ਸਬ ਡਵੀਜ਼ਨ ਸੰਗਰੂਰ ਅਜੇ ਪਾਲ ਸਿੰਘ ਨੂੰ ਮਿਲਣ ਲਈ ਉਨ੍ਹਾਂ ਦੇ ਦਫ਼ਤਰ ਪਹੁੰਚਿਆ। ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਤੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਨੇ ਦੱਸਿਆ ਕਿ ਡੀ.ਐੱਸ.ਪੀ. ਵੱਲੋਂ ਉਨ੍ਹਾਂ ਦੇ ਪੱਖ ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਉਨ੍ਹਾਂ ਦੁਆਰਾ ਪੇਸ਼ ਕੀਤੇ ਸਬੂਤਾਂ ਦੀ ਘੋਖ ਕਰਨ ਦੀ ਵੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਇਸ 'ਤੇ ਜਥੇਬੰਦੀਆਂ ਦਾ ਵਫਦ ਐੱਸ.ਐੱਸ.ਪੀ. ਨੂੰ ਮਿਲਣ ਉਨ੍ਹਾਂ ਦੇ ਦਫਤਰ ਪਹੁੰਚਿਆ। ਉੱਥੇ ਐੱਸ.ਪੀ. (ਡੀ) ਸ੍ਰੀ ਪਲਵਿੰਦਰ ਸਿੰਘ ਚੀਮਾ ਵਫ਼ਦ ਨੂੰ ਮਿਲਣ ਪੁਲਸ ਲਾਈਨ ਦੇ ਬਾਹਰ ਹੀ ਆ ਗਏ। ਉਨ੍ਹਾਂ ਨੇ ਸਾਰੀਆਂ ਜਥੇਬੰਦੀਆਂ ਦੇ ਇੱਕ-ਇੱਕ ਆਗੂ ਨੂੰ ਮੀਟਿੰਗ ਲਈ ਆਪਣੇ ਦਫ਼ਤਰ ਵਿਖੇ ਬੁਲਾਇਆ।

ਉੱਥੇ ਉਨ੍ਹਾਂ ਨੇ ਜਥੇਬੰਦੀਆਂ ਦੇ ਪੱਖ ਨੂੰ ਧਿਆਨ ਨਾਲ ਸੁਣਿਆ ਅਤੇ ਕਿਹਾ ਕਿ ਉਹ ਇਸ ਮਸਲੇ ਵਿੱਚ ਇਨਕੁਆਇਰੀ ਅਫ਼ਸਰ ਨੂੰ ਬਦਲ ਦੇਣਗੇ ਅਤੇ ਜਥੇਬੰਦੀਆਂ ਦੇ ਪੱਖ ਨੂੰ ਸੁਣ ਕੇ ਅਤੇ ਸਬੂਤਾਂ ਤੇ ਤੱਥਾਂ ਦੇ ਅਧਾਰ 'ਤੇ ਫੈਸਲਾ ਕਰ ਕੇ ਇਸ ਮਾਮਲੇ ਵਿੱਚ ਇਨਸਾਫ ਕੀਤਾ ਜਾਵੇਗਾ। ਵਫ਼ਦ ਵਿੱਚ ਬੀਕੇਯੂ ਉਗਰਾਹਾਂ ਦੇ ਜਗਤਾਰ ਸਿੰਘ ਕਾਲਾਝਾੜ, ਅਮਰੀਕ ਸਿੰਘ ਗੰਢੂਆਂ, ਗੁਰਚਰਨ ਖੋਖਰ, ਬੀਕੇਯੂ ਏਕਤਾ ਅਜ਼ਾਦ ਦੇ ਰਾਜਪਾਲ ਸਿੰਘ, ਕਰਤਾਰ ਸਿੰਘ ਮੰਗਵਾਲ, ਕੇਪੀਐੱਮਯੂ ਪੰਜਾਬ ਦੇ ਸੰਜੀਵ ਮਿੱਟੂ ਜਗਸੀਰ, ਗੁਰਪ੍ਰੀਤ ਤੇ ਜਰਨੈਲ ਬਿਘੜਵਾਲ, ਪੀਐੱਸਯੂ ਰੰਧਾਵਾ ਦੇ ਰਮਨ ਕਾਲਾਝਾੜ, ਕਮਲਦੀਪ ਕੌਰ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮਾਸਟਰ ਪਰਮਵੇਦ, ਦੇਸ਼ ਭਗਤ ਯਾਦਗਾਰ ਲੌਂਗੋਵਾਲ ਦੇ ਜੁਝਾਰ ਲੌਂਗੋਵਾਲ, ਕਮਲਜੀਤ ਵਿੱਕੀ, ਸ਼ਹੀਦ ਊਧਮ ਸਿੰਘ ਵਿਚਾਰ ਮੰਚ ਸੁਨਾਮ ਦੇ ਰਾਕੇਸ਼ ਕੁਮਾਰ, ਅਨਿਲ ਕੁਮਾਰ, ਕਰਮ ਸਿੰਘ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਕੁਲਦੀਪ ਸਿੰਘ,ਸਾਂਝਾ ਅਧਿਆਪਕ ਮੋਰਚੇ ਦੇ ਗੁਰਸੇਵਕ ਕਲੇਰ, ਲੈਕਚਰਾਰ ਯੂਨੀਅਨ ਦੇ ਪਰਮਿੰਦਰ ਲੌਂਗੋਵਾਲ,ਪੀਐੱਸਯੂ ਲਲਕਾਰ ਦੇ ਬਬਲੂ, ਲੋਕ ਸੰਗੀਤ ਮੰਡਲੀ ਛਾਜਲੀ ਦੇ ਦੇਸ ਰਾਜ ਛਾਜਲੀ ਅਤੇ ਵੱਡੀ ਗਿਣਤੀ ਵਿੱਚ ਡੀ.ਟੀ.ਐੱਫ. ਦੇ ਬਲਾਕ ਤੇ ਜ਼ਿਲ੍ਹਾ ਆਗੂ ਤੇ ਕਾਰਕੁੰਨ ਸ਼ਾਮਲ ਸਨ।

ਵਿਕਾਸ ਮਿਸ਼ਨ ਦੇ ਵਫ਼ਦ ਵੱਲੋਂ ਜ਼ਿਲ੍ਹਾ ਸਿਹਤ ਅਫਸਰ ਨਾਲ ਮੁਲਾਕਾਤ : ਢੋਸੀਵਾਲ

■ ਫੂਡ ਸੇਫਟੀ ਐਕਟ ਲਾਗੂ ਕਰਨ ਦੀ ਕੀਤੀ ਮੰਗ

**ਸ੍ਰੀ ਮੁਕਤਸਰ

28-Jun-PAGE- 3 qxd.qxd 6/27/2023 10:37 PM Page 1

ਜਿੰਪਾ ਨੇ ਵਾਰਡ ਨੰਬਰ 36 'ਚ 22 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਦੇ ਨਿਰਮਾਣ ਕਾਰਜ ਸ਼ੁਰੂ ਕਰਵਾਏ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)— ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸ਼ਹਿਰ ਦੇ ਸਾਰੇ ਵਾਰਡਾਂ ਵਿਚ ਬੁਨਿਆਦੀ ਸੁਵਿਧਾਵਾਂ ਉਪਲਬੱਧ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਹਰ ਵਾਰਡ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਇਥੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਹ ਵਾਰਡ ਨੰਬਰ 36 ਵਿਚ 22 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਗਲੀਆਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਉਣ ਦੌਰਾਨ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਨਗਰ ਨਿਗਮ ਦੇ ਫਾਈਨਾਂਸ ਕਮੇਟੀ ਦੇ ਚੇਅਰਮੈਨ ਬਲਵਿੰਦਰ ਬਿੰਦੀ, ਸਹਾਇਕ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ ਅਤੇ ਕੌਂਸਲਰ ਸੁਰਿੰਦਰ ਪਾਲ ਭੱਟੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਵਾਰਡ ਵਿਚ ਸੀਵਰੇਜ ਦੇ ਕੰਮ ਤੋਂ ਬਾਅਦ ਗਲੀਆਂ ਦੇ ਨਿਰਮਾਣ ਕਾਰਜ ਦੀ ਕਾਫ਼ੀ ਲੰਬੇ ਸਮੇਂ ਤੋਂ ਮੰਗ ਸੀ, ਜਿਸ ਨੂੰ ਪੂਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਾਰਡ ਵਿਚ ਹੋਰ ਜ਼ਰੂਰੀ ਕੰਮ ਵੀ ਪਹਿਲ ਦੇ ਆਧਾਰ 'ਤੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰਾਜਨੀਤੀ ਤੋਂ ਉਪਰ ਉਠ ਕੇ ਵਿਕਾਸ ਕਾਰਜ ਕਰਨ ਵਿਚ ਵਿਸ਼ਵਾਸ ਰੱਖਦੀ ਹੈ ਅਤੇ ਪੂਰੇ ਸ਼ਹਿਰ ਵਿਚ ਇਸੇ ਸੋਚ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਸ ਦੌਰਾਨ ਉਨ੍ਹਾਂ ਨੇ ਭਗਵਾਨ ਵਾਲਮੀਕਿ ਜੀ ਦੀ ਧਰਮਸ਼ਾਲਾ ਵਿਚ ਹੋਣ ਵਾਲੇ ਵਿਕਾਸ ਕਾਰਜ ਲਈ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਵਾਰਡ ਦੇ ਕੌਂਸਲਰ ਸੁਰਿੰਦਰ ਪਾਲ ਭੱਟੀ ਨੇ ਵਾਰਡ ਵਿਚ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਲਈ ਧੰਨਵਾਦ ਕੀਤਾ। ਇਸ ਮੌਕੇ ਐਡਵੋਕੇਟ ਅਮਰਜੋਤ ਸੈਣੀ, ਚੰਦਨ ਲੱਕੀ, ਬ੍ਰਿਜ ਮੱਟੂ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

ਪੰਜਾਬ ਦੇ ਚਾਰ ਏਡਿਡ ਪੋਲੀਟੈਕਨਿਕ ਕਾਲਜਾਂ ਦੇ ਪ੍ਰਿੰਸੀਪਲਾਂ ਨੇ ਵਿੱਤ ਮੰਤਰੀ ਚੀਮਾ ਨਾਲ ਕੀਤੀ ਮੁਲਾਕਾਤ

ਫਗਵਾੜਾ (ਡਾ. ਰਮਨ) ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਦੇ ਸੱਦੇ 'ਤੇ ਪੰਜਾਬ ਦੇ ਚਾਰ ਪ੍ਰਮੁੱਖ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਦੇ ਪ੍ਰਿੰਸੀਪਲਾਂ ਨੇ ਮਨਪ੍ਰੀਤ ਕੌਰ ਭੋਗਲ ਚੇਅਰਪਰਸਨ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਫਗਵਾੜਾ ਦੀ ਅਗਵਾਈ ਹੇਠ ਵਿੱਤ ਮੰਤਰੀ ਪੰਜਾਬ ਹਰਪਾਲ ਚੀਮਾ ਨਾਲ ਉਨ੍ਹਾਂ ਦੇ ਦਫਤਰ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ। ਵਿੱਤ ਮੰਤਰੀ ਨਾਲ ਮੁਲਾਕਾਤ ਕਰਨ ਵਾਲਿਆਂ ਵਿੱਚ ਰਾਮਗੜ੍ਹੀਆ ਪੋਲੀਟੈਕਨਿਕ ਕਾਲਜ ਫਗਵਾੜਾ ਦੇ ਪ੍ਰਿੰਸੀਪਲ ਜਸਬੀਰ ਸਿੰਘ, ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਜਗਰੂਪ ਸਿੰਘ, ਗੁਰੂ ਨਾਨਕ ਦੇਵ ਪਾਲੀਟੈਕਨਿਕ ਕਾਲਜ ਲੁਧਿਆਣਾ ਦੇ ਪ੍ਰਿੰਸੀਪਲ ਸਰਬਜੀਤ ਕੌਰ ਅਤੇ ਥਾਪਰ ਪੋਲੀਟੈਕਨਿਕ ਕਾਲਜ ਪਟਿਆਲਾ ਤੋਂ ਪ੍ਰਿੰਸੀਪਲ ਅੰਕੁਸ਼ ਕਾਂਸਲ ਸ਼ਾਮਲ ਸਨ। ਮੀਟਿੰਗ ਦੌਰਾਨ ਛੇਵੇਂ ਤਨਖਾਹ ਸਕੇਲ ਨੂੰ ਲਾਗੂ ਕਰਨ, ਠੇਕੇ ਦੀਆਂ ਅਸਾਮੀਆਂ ਨੂੰ ਮਨਜ਼ੂਰੀ ਦੇਣ ਅਤੇ ਵਾਧੂ ਖਾਲੀ ਪਈਆਂ ਟੀਚਿੰਗ ਅਤੇ ਨਾਨ-ਟੀਚਿੰਗ ਅਸਾਮੀਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀਮਤੀ ਮਨਪ੍ਰੀਤ ਕੌਰ ਭੋਗਲ ਨੇ ਦੱਸਿਆ ਕਿ ਮੀਟਿੰਗ ਬਹੁਤ ਹੀ ਸਦਭਾਵਨਾ ਵਾਲੇ ਮਾਹੌਲ ਵਿੱਚ ਹੋਈ ਅਤੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਨੂੰ ਗੰਭੀਰਤਾ ਨਾਲ ਵਿਚਾਰ ਕਰਕੇ ਮੰਨਣ ਦਾ ਭਰੋਸਾ ਦਿੱਤਾ ਹੈ। ਮੀਟਿੰਗ ਦੌਰਾਨ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਡਾਇਰੈਕਟਰ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਅਕਾਲ ਅਕੈਡਮੀ ਦੇ ਬੱਚਿਆਂ ਨੇ 'ਆਨਲਾਈਨ ਹੱਥ ਛਾਪ ਮੁਹਿੰਮ' 'ਚ ਲਿਆ ਹਿੱਸਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਨਸ਼ਿਆਂ ਦੇ ਖਿਲਾਫ ਇੱਕ ਜ਼ਬਰਦਸਤ ਪਹਿਲਕਦਮੀ ਵਿੱਚ ਗੁਰਦਾਸਪੁਰ ਸਥਿਤ ਅਕਾਲ ਅਕੈਡਮੀ ਸਕੂਲਾਂ ਦੇ ਵਿਦਿਆਰਥੀਆਂ ਨੇ 'ਵਿਸ਼ਵ ਦਾ ਸਭ ਤੋਂ ਵੱਡਾ ਹੱਥ ਛਾਪ' ਮੁਹਿੰਮ ਵਿੱਚ ਭਾਗ ਲਿਆ। ਇਸ ਵਿਲੱਖਣ ਸਮਾਗਮ ਦਾ ਉਦੇਸ਼ ਵਰਲਡ ਬੁੱਕ ਆਫ ਰਿਕਾਰਡਜ਼, ਯੂ. ਕੇ. ਅਤੇ 'ਲਿਮਕਾ ਬੁੱਕ ਆਫ ਰਿਕਾਰਡਜ਼' ਵਿੱਚ ਰਿਕਾਰਡ ਬਣਾਉਣ ਦੇ ਨਾਲ-ਨਾਲ ਨਸ਼ਿਆਂ ਵਿਰੁੱਧ ਪ੍ਰਤੀਕ ਤੌਰ 'ਤੇ ਸਹੁੰ ਚੁੱਕਣਾ ਸੀ। ਇਸ ਮੁਹਿੰਮ ਵਿੱਚ ਭਾਰਤ ਅਤੇ ਵਿਦੇਸ਼ਾਂ ਤੋਂ ਕੁੱਲ ਮਿਲਾ ਕੇ ਕਰੀਬ 1 ਲੱਖ ਲੋਕਾਂ ਨੇ ਹਿੱਸਾ ਲਿਆ। ਇਸ ਪ੍ਰੋਗਰਾਮ ਵਿੱਚ ਗੁਰਦਾਸਪੁਰ ਜ਼ਿਲ੍ਹੇ ਵਿੱਚ ਸਥਿਤ ਅਕਾਲ ਅਕੈਡਮੀ ਦੇ ਵੱਖ-ਵੱਖ ਸਕੂਲਾਂ ਦੇ ਕੁੱਲ 1740 ਵਿਦਿਆਰਥੀਆਂ ਨੇ ਭਾਗ ਲਿਆ। ਹਰੇਕ ਸਕੂਲ ਦੇ ਭਾਗ ਲੈਣ ਵਾਲੇ ਵਿਦਿਆਰਥੀ ਦੇ ਵੇਰਵਿਆਂ ਵਿੱਚ ਸਾਮਲ ਹਨ: ਅਕਾਲ ਅਕੈਡਮੀ ਟਿੱਬਰ ਦੇ 967 ਵਿਦਿਆਰਥੀ, ਅਕਾਲ ਅਕੈਡਮੀ ਗਸੂਲਪੁਰ ਬੈਤ ਦੇ 373 ਵਿਦਿਆਰਥੀ, ਅਕਾਲ ਅਕੈਡਮੀ ਮੁੱਲੀਆਂ ਵਲ ਦੇ 401, ਬੱਚਿਆਂ ਨੇ ਆਪਣੇ ਹੱਥਾਂ 'ਤੇ ਵੱਖ-ਵੱਖ ਰੰਗ ਲਗਾ ਕੇ ਕਾਗਜ਼ 'ਤੇ ਪ੍ਰਿੰਟ ਬਣਾਏ ਅਤੇ ਵੈੱਬ ਲਿੰਕ ਰਾਹੀਂ ਆਪਣੀਆਂ ਫੋਟੋਆਂ ਸਾਂਝੀਆਂ ਕੀਤੀਆਂ। ਇਸ ਦੇ ਨਾਲ ਉਨ੍ਹਾਂ ਨਸ਼ਿਆਂ ਵਿਰੁੱਧ ਪ੍ਰਤੀਕਾਤਮਕ ਸਹੁੰ ਚੁੱਕੀ। ਅਕਾਲ ਅਕੈਡਮੀ ਤਿਬਰ ਦੀ ਹੈੱਡਮਿਸਟ੍ਰੈਸ ਗੁਰਵਿੰਦਰ ਕੌਰ ਨੇ ਇਸ ਮੁਹਿੰਮ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅਕਾਲ ਅਕੈਡਮੀ ਸਕੂਲ ਹਮੇਸ਼ਾ ਅਜਿਹੀਆਂ ਪ੍ਰਭਾਵਸ਼ਾਲੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਉਤਸੁਕ ਰਹਿੰਦਾ ਹੈ, ਜੇਕਰ ਛੋਟੀ ਉਮਰ ਵਿੱਚ ਹੀ ਨਸ਼ਿਆਂ ਤੋਂ ਦੂਰ ਰਹਿਣ ਦੀ ਮਹੱਤਤਾ ਬਾਰੇ ਸਮਝਾਇਆ ਜਾਵੇ ਤਾਂ ਉਹ ਨਾ ਸਿਰਫ ਨਸ਼ਿਆਂ ਵਿੱਚ ਫਸ ਜਾਣਗੇ। ਨਸ਼ੇ ਦਾ ਅਭਿਆਸ ਖੁਦ ਕਰਦਾ ਹੈ, ਪਰ ਦੂਜਿਆਂ ਨੂੰ ਵੀ ਪ੍ਰੇਰਿਤ ਕਰੇਗਾ। ਅਕਾਲ ਅਕੈਡਮੀ ਪੇਂਡੂ ਉੱਤਰੀ ਭਾਰਤ ਵਿੱਚ ਸਥਿਤ ਪ੍ਰਸਿੱਧ 120 ਸਕੂਲਾਂ ਦੀ ਇੱਕ ਪ੍ਰਮੁੱਖ ਲੜੀ ਹੈ ਅਤੇ ਮੁੱਲ-ਆਧਾਰਿਤ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ। ਆਪਣੇ ਨਿਰੰਤਰ ਯਤਨਾਂ ਰਾਹੀਂ ਉਹ ਵਿਦਿਆਰਥੀਆਂ ਨੂੰ ਜੀਵਨ ਦੇ ਮਹੱਤਵਪੂਰਨ ਹੁਨਰ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਹਨ, ਜੋ ਉਨਾਂ ਨੂੰ ਸਮਾਜ ਪ੍ਰਤੀ ਸਾਕਾਰਾਤਮਕ ਯੋਗਦਾਨ ਪਾਉਣ ਦੇ ਯੋਗ ਬਣਾਉਂਦੇ ਹਨ। ਅਜਿਹੀਆਂ ਮਹੱਤਵਪੂਰਨ ਪਹਿਲਕਦਮੀਆਂ ਵਿੱਚ ਨੌਜਵਾਨਾਂ ਨੂੰ ਸ਼ਾਮਲ ਕਰਕੇ ਅਕਾਲ ਅਕੈਡਮੀ ਸਕੂਲ ਇੱਕ ਅਜਿਹੀ ਪੀੜ੍ਹੀ ਨੂੰ ਉਤਸ਼ਾਹਿਤ ਕਰ ਰਹੇ ਹਨ ਜੋ ਜਾਗਰੂਕ, ਵਚਨਬੱਧ ਅਤੇ ਦ੍ਰਿੜ ਇਰਾਦੇ ਨਾਲ ਆਪਣੇ ਅਤੇ ਆਪਣੇ ਭਾਈਚਾਰਿਆਂ ਲਈ ਨਸ਼ਾ ਮੁਕਤ ਭਵਿੱਖ ਬਣਾਉਣ ਲਈ ਵਚਨਬੱਧ ਹੈ।

ਦਿਹਾਤੀ ਸੜਕਾਂ 'ਤੇ ਫੈਲਿਆ ਜੜੀ-ਬੂਟੀ ਦਾ ਮਹਾ ਜਾਲ, ਜਨਜੀਵਨ ਪ੍ਰਭਾਵਿਤ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਜ਼ਿਲ੍ਹੇ ਦੇ ਬੇਟ ਖੇਤਰ ਤੇ ਨਹਿਰਾਂ ਕੰਢੇ ਜੜੀ ਬੂਟੀ ਵਧੇਰੇ ਮਾਤਰਾ ਵਿਚ ਹੋਣ ਕਰਕੇ ਲੋਕਾਂ ਦਾ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਸਾਬਕਾ ਸਰਪੰਚ ਹਰਦੀਪ ਸਿੰਘ ਮਠਾਰੂ ਅਤੇ ਉਸ ਦੇ ਸਾਥੀਆਂ ਨੇ ਦੱਸਿਆ ਕਿ ਦਿਹਾਤੀ ਸੰਪਰਕ ਸੜਕਾਂ 'ਤੇ ਜੜੀ ਬੂਟੀ ਬਰਸਾਤ ਤੋਂ ਪਹਿਲਾਂ ਹੀ ਵਧੇਰੇ ਮਾਤਰਾ ਵਿਚ ਹੋਣ ਕਰਕੇ ਲੁਟੇਰੇ ਦਿਨ ਦਿਹਾੜੇ ਰਾਹਗੀਰ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦੀ ਲੁੱਟ-ਖੋਹ ਕਰ ਲੈਂਦੇ ਹਨ ਅਤੇ ਖ਼ਾਸ ਕਰਕੇ ਇਹ ਘਟਨਾਵਾਂ ਦੁਪਹਿਰ ਵੇਲੇ ਅਕਸਰ ਵਾਪਰਦੀਆਂ ਹਨ। ਉਨ੍ਹਾਂ ਦੱਸਿਆ ਕਿ ਗਾਜੀਕੋਟ ਤੋਂ ਕਾਹਨੂੰਵਾਲ ਸਠਿਆਲੀ ਪੁਲ ਅਤੇ ਪਿੰਡ ਕਰਾਲ ਤੇ ਗੁਰਦਾਸਪੁਰ ਮੁਕੇਰੀਆਂ ਮੁੱਖ ਸੜਕ 'ਤੇ ਜੜੀ ਬੂਟੀ ਦੀ ਭਰਮਾਰ ਆਮ ਦੇਖੀ ਜਾਂਦੀ ਹੈ ਜਿਸ ਵੱਲ ਸਬੰਧਿਤ ਵਿਭਾਗ ਬਿਲਕੁਲ ਵੀ ਧਿਆਨ ਨਹੀਂ ਦੇ ਰਿਹਾ। ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਹੈ ਕਿ ਨਹਿਰਾਂ ਕੰਢੇ ਅਤੇ ਦਿਹਾਤੀ ਸੜਕਾਂ 'ਤੇ ਜੜੀ ਬੂਟੀ ਕਟਵਾਉਣ ਵਾਸਤੇ ਸਬੰਧਿਤ ਵਿਭਾਗ ਨੂੰ ਹਦਾਇਤਾਂ ਕੀਤੀਆਂ ਜਾਣ ਜਿਸ ਨਾਲ ਲੋਕ ਚੋਰੀ ਅਤੇ ਲੁੱਟਾਂ ਖੋਹਾਂ ਵਰਗੀਆਂ ਘਟਨਾਵਾਂ ਤੋਂ ਬਚ ਸਕਣ।

ਇੰਸੈਕਟੀਸਾਈਡਸ (ਇੰਡੀਆ) ਲਿਮਿਟਡ ਵੱਲੋਂ ਆਧੁਨਿਕ ਕੀਟਨਾਸ਼ਕ ਮਿਸ਼ਨ ਲਾਂਚ

ਚੰਡੀਗੜ੍ਹ : ਫਸਲਾਂ ਸੁਰੱਖਿਆ ਅਤੇ ਪੋਸ਼ਣ ਦੇ ਖੇਤਰ ਵਿੱਚ ਕੰਮ ਕਰਨ ਵਾਲੀਆਂ ਦੇਸ਼ ਦੀਆਂ ਪ੍ਰਮੁੱਖ ਕੰਪਨੀਆਂ ਵਿੱਚੋਂ ਇੱਕ ਇੰਸੈਕਟੀਸਾਈਡਸ (ਇੰਡੀਆ) ਲਿਮਿਟਡ (ਆਈ.ਆਈ.ਐੱਲ.) ਨੇ ਨਵੇਂ ਜ਼ਮਾਨੇ ਦਾ ਕੀਟਨਾਸ਼ਕ ਮਿਸ਼ਨ ਪੇਸ਼ ਕੀਤਾ ਹੈ। ਜਿਸ ਨੂੰ 'ਮਿਸ਼ਨ' ਦਾ ਨਾਮ ਦਿੱਤਾ ਗਿਆ ਹੈ। ਇਹ ਝੋਨਾ, ਗੰਨਾ, ਸੋਇਆਬੀਨ ਅਤੇ ਸਬਜ਼ੀਆਂ ਆਦਿ ਫ਼ਸਲਾਂ ਵਿੱਚ ਵੱਖ-ਵੱਖ ਸੁੰਡੀ ਵਰਗ ਦੇ ਕੀਟ (ਲੈਪੀਡੋਪਟੇਰਾ ਕੀੜਿਆਂ) ਦੇ ਨਿਯੰਤਰਣ ਲਈ ਅਸਰਦਾਰ ਹੈ। ਇਹ ਗ੍ਰੈਨਿਊਲਸ ਅਤੇ ਤਰਲ ਦੋਵੇਂ ਤਰ੍ਹਾਂ ਦੇ ਫਾਰਮੂਲੇਸ਼ਨ ਵਿੱਚ ਉਪਲਬਧ ਹੈ। ਇਸ ਦਾ ਕੰਮ ਕਰਨ ਦਾ ਤਰੀਕਾ ਅਨੋਖਾ ਹੈ, ਜੋ ਹੋਰ ਕੀਟਨਾਸ਼ਕਾਂ ਪ੍ਰਤੀ ਕੀੜਿਆਂ ਦੇ ਪ੍ਰਤੀਰੋਧ ਨੂੰ ਨਿਯੰਤਰਿਤ ਕਰਦਾ ਹੈ। ਮਿਸ਼ਨ ਲਾਂਚ ਦੇ ਮੌਕੇ ਆਈ.ਆਈ.ਐੱਲ. ਦੇ ਪ੍ਰਬੰਧ ਨਿਰਦੇਸ਼ਕ, ਰਾਜੇਸ਼ ਅਗਰਵਾਲ ਨੇ ਕਿਹਾ ਕਿ ਅਸੀਂ ਟੋਰੀ, ਗ੍ਰੀਨ ਲੇਬਲ, ਡੋਮੀਨੈਂਟ ਅਤੇ ਸਟਨਰ ਤੋਂ ਬਾਅਦ ਆਪਣੀ ਮੋਕ ਇਨ ਇੰਡੀਆ ਮੁਹਿੰਮ ਦੇ ਤਹਿਤ ਮਿਸ਼ਨ ਨੂੰ ਪੇਸ਼ ਕਰਦੇ ਹੋਏ ਬਹੁਤ ਖੁਸ਼ ਹਾਂ। ਆਈਆਈਐੱਲ ਦੇ ਵਾਈਸ ਪ੍ਰੈਜ਼ੀਡੈਂਟ ਸੰਜੇ ਵਤਸ ਦਾ ਕਹਿਣਾ ਹੈ ਕਿ ਮਿਸ਼ਨ ਆਈਆਈਐੱਲ ਦੇ ਵਿਸਰਿਤ ਉਤਪਾਦਾਂ ਦੀ ਲੜੀ ਵਿੱਚ ਇੱਕ ਨਵੀਂ ਕੜੀ ਹੈ।

ਜਬਰ-ਜਨਾਹ ਦੇ ਦੋਸ਼ 'ਚ ਜੇਸੀਓ ਗ੍ਰਿਫਤਾਰ

ਗੁਰਦਾਸਪੁਰ, (ਜਨਕ ਮਹਾਜਨ)-ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੀ ਤਿੱਬੜੀ ਛਾਉਣੀ ਵਿਚ ਇਕ ਜੇਸੀਓ ਰੈਂਕ ਦੇ ਅਧਿਕਾਰੀ ਨੂੰ ਆਪਣੀ ਹੀ ਰਿਸ਼ਤੇਦਾਰ ਨਾਬਾਲਗ ਲੜਕੀ ਨਾਲ ਛੇੜ-ਛਾੜ ਅਤੇ ਨਜਾਇਜ਼ ਸੰਬੰਧ ਬਣਾਉਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਇਕ ਅਧਿਆਪਕਾ ਦੇ ਬਿਆਨਾਂ ਦੇ ਆਧਾਰ 'ਤੇ ਸ਼ਸ਼ੀਕਾਂਤ ਉਪਾਧਿਆਏ ਵਾਸੀ ਤਿੱਬੜੀ ਕੈਂਟ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਇਕ ਅਧਿਆਪਕਾ ਨੇ ਦੱਸਿਆ ਕਿ 24.06.23 ਨੂੰ ਵਕਤ ਕਰੀਬ 11:05 ਵਜੇ ਸਕੂਲ ਦੀ ਅੱਧੀ ਛੁੱਟੀ ਵੇਲੇ ਸਕੂਲ ਦੀ ਅੱਠਵੀਂ ਜਮਾਤ ਦੀ ਵਿਦਿਆਰਥਣ ਨੇ ਦੱਸਿਆ ਕਿ ਉਹ ਪਿਛਲੇ ਇੱਕ ਸਾਲ ਤੋਂ ਆਰਮੀ ਪਬਲਿਕ ਸਕੂਲ ਤਿੱਬੜੀ ਕੈਂਟ ਵਿਖੇ ਪੜ੍ਹ ਰਹੀ ਹੈ ਅਤੇ ਆਪਣੀ ਭੂਆ ਕੋਲ ਤਿੱਬੜੀ ਕੈਂਟ ਵਿਖੇ ਰਹਿ ਰਹੀ ਸੀ। ਉਸ ਦਾ ਫੁੱਫੜ ਸ਼ਸ਼ੀਕਾਂਤ ਉਪਾਧਿਆਏ ਇੱਕ ਸਾਲ ਤੋਂ ਉਸ ਨੂੰ ਇਕੱਲੀ ਵੇਖ ਕੇ ਅਸ਼ਲੀਲ ਹਰਕਤਾਂ ਕਰਦਾ ਸੀ ਅਤੇ ਜ਼ਬਰਦਸਤੀ ਸਰੀਰਕ ਸੰਬੰਧ ਬਣਾਉਂਦਾ ਸੀ। ਪੀੜਤ ਨੇ ਦੱਸਿਆ ਕਿ 23.06.2023 ਨੂੰ ਵਕਤ ਕਰੀਬ 11 ਵਜੇ ਜਦ ਉਹ ਰਾਤ ਨੂੰ ਸੁੱਤੀ ਪਈ ਸੀ ਤਾਂ ਉਸ ਦੇ ਫੁੱਫੜ ਨੇ ਉਸ ਨਾਲ ਜ਼ਬਰਦਸਤੀ ਸਰੀਰਕ ਸਬੰਧ ਬਣਾਏ। ਮੁਦਈਆਂ ਨੇ ਸਕੂਲ ਦੀ ਪ੍ਰਿੰਸੀਪਲ ਨਾਲ ਗੱਲ ਕਰਕੇ ਆਪਣੇ ਬਿਆਨ ਦਰਜ ਕਵਰਾਏ ਹਨ। ਪੁਰਾਣਾ ਸ਼ਾਲਾ ਪੁਲਸ ਨੇ ਮੁਕੱਦਮਾ ਨੰਬਰ 34 ਜ਼ੇਰੇ ਧਾਰਾ 376 ਸੀ, ਪੋਕਸੋ ਐਕਟ ਅਧੀਨ ਮਾਮਲਾ ਦਰਜ ਕਰਕੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।

ਲਗਾਤਾਰ ਪਈ ਬਰਸਾਤ ਨੇ ਸੀਵਰੇਜ ਪ੍ਰਬੰਧਾਂ ਦੀ ਖੋਲ੍ਹੀ ਪੋਲ

ਮਜੀਠਾ (ਸੋਇਮ ਆਨੰਦ)-ਬੀਤੀ ਰਾਤ ਅਤੇ ਅੱਜ ਸਵੇਰ ਤੋਂ ਹੋ ਰਹੀ ਤੇਜ਼ ਅਤੇ ਲਗਾਤਾਰ ਬਰਸਾਤ ਨੇ ਨਗਰ ਕੌਂਸਲ ਮਜੀਠਾ ਦੀ ਸੀਵਰੇਜ ਪ੍ਰਬੰਧਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ। ਬੀਤੀ ਦੇਰ ਸ਼ਾਮ ਲਗਾਤਾਰ ਕਰੀਬ 2 ਘੰਟੇ ਹੋਈ ਤੇਜ਼ ਬਰਸਾਤ ਨਾਲ ਮਜੀਠਾ ਸ਼ਹਿਰ ਦੇ ਮੁੱਖ ਬਜ਼ਾਰਾਂ ਅਤੇ ਮਜੀਠਾ ਅੰਮ੍ਰਿਤਸਰ ਦੀ ਮੁੱਖ ਸੜਕਾਂ ਤੇ ਗੋਡੇ-ਗੋਡੇ ਪਾਣੀ ਖੜਾ ਹੋ ਗਿਆ ਜਿਸ ਨਾਲ ਦੋ ਪਹੀਆ ਵਾਹਨਾਂ ਦੇ ਪਹੀਏ ਪਾਣੀ ਵਿਚ ਡੁੱਬੇ ਦਿਖਾਈ ਦਿੱਤੇ ਅਤੇ ਕਈ ਵਾਹਨ ਖੜੇ ਪਾਣੀ ਵਿਚ ਬੰਦ ਹੋਣ ਨਾਲ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਕੁਝ ਕਾਰਾਂ ਵੀ ਪਾਣੀ ਵਿਚ ਬੰਦ ਹੋ ਗਈਆਂ। ਬਜ਼ਾਰਾਂ ਦੀਆਂ ਨਾਲੀਆਂ ਪਾਣੀ ਨਾਲ ਭਰ ਜਾਣ ਕਾਰਣ ਸਾਰਾ ਗੰਦਾ ਪਾਣੀ ਬਜ਼ਾਰਾਂ ਵਿਚ ਆ ਗਿਆ ਅਤੇ ਲੰਬਾ ਸਮਾਂ ਲੱਗ ਗਿਆ ਪਾਣੀ ਨਿਕਲਣ ਵਾਸਤੇ। ਸ਼ਹਿਰ ਦੇ ਲੋਕ ਕਹਿੰਦੇ ਸੁਣੇ ਗਏ ਕਿ ਅਜੇ ਦੋ ਮਹੀਨੇ ਪਹਿ

ਨਵਾਂ ਜ਼ਮਾਨਾ
ਬੁੱਧਵਾਰ, 28 ਜੂਨ 2023

ਗੁਜਰਾਤ ਦਾ ਵਿਕਾਸ ਮਾਡਲ

2014 ਦੀਆਂ ਲੋਕ ਸਭਾ ਚੋਣਾਂ ਸਮੇਂ ਮੋਦੀ ਨੇ ਗੁਜਰਾਤ ਮਾਡਲ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਸੀ। ਉਸ ਨੇ ਕਿਹਾ ਸੀ ਕਿ ਜੇਕਰ ਲੋਕ ਉਸ ਨੂੰ ਵੋਟਾਂ ਪਾ ਕੇ ਕੇਂਦਰ ਦੀ ਰਾਜ ਗੱਦੀ ਸੌਂਪ ਦੇਣ ਤਾਂ ਉਹ ਸਮੁੱਚੇ ਦੇਸ਼ ਨੂੰ ਗੁਜਰਾਤ ਵਰਗਾ ਬਣਾ ਦੇਵੇਗਾ।

ਮੋਦੀ ਦਾ ਕਹਿਣਾ ਗਲਤ ਨਹੀਂ ਸੀ। ਭਾਜਪਾ ਦਾ 20 ਸਾਲਾਂ ਤੋਂ ਗੁਜਰਾਤ ਵਿੱਚ ਰਾਜ ਚੱਲ ਰਿਹਾ ਹੈ। ਮੋਦੀ ਦੀ ਅਗਵਾਈ ਵਿੱਚ ਗੁਜਰਾਤ ਨੇ ਜਿਹੜਾ ਵਿਕਾਸ ਕੀਤਾ, ਅਸੀਂ ਉਸ ਦੀ ਅਸਲ ਸਚਾਈ ਪੇਸ਼ ਕਰ ਰਹੇ ਹਾਂ।

ਭਾਜਪਾ ਦੀ ਵਿਚਾਰਧਾਰਾ ਮਨੂੰਵਾਦ ਤੋਂ ਪ੍ਰੇਰਤ ਹੈ। ਇਸ ਅਨੁਸਾਰ ਭਾਜਪਾ ਅੱਗੇ ਵਧਣ ਦੀ ਥਾਂ ਇਤਿਹਾਸ ਦਾ ਪਹੀਆ ਪੁੱਠਾ ਗੇੜਨਾ ਚਾਹੁੰਦੀ ਹੈ। ਗੁਜਰਾਤ ਵਿੱਚ ਸੱਤਾ ਹਾਸਲ ਕਰਨ ਤੋਂ ਬਾਅਦ ਉਸ ਨੇ ਆਪਣੀ ਵਿਚਾਰਧਾਰਾ ਨੂੰ ਅਮਲੀ ਰੂਪ ਦੇਣਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ, ਤੇ ਨਾਲ ਦੀ ਨਾਲ ਜਾਤੀ ਪ੍ਰਥਾ ਨੂੰ ਮਜ਼ਬੂਤ ਕਰਕੇ ਦਲਿਤਾਂ ਨਾਲ ਗੁਲਾਮਾਂ ਵਰਗਾ ਵਿਹਾਰ ਕਰਨ ਦੀ ਉੱਚ ਜਾਤਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਗਈ। ਇਹੋ ਕਾਰਨ ਹੈ ਕਿ ਅੱਜ ਗੁਜਰਾਤ ਵਿੱਚ ਮੁੱਛਾਂ ਨੂੰ ਤਾਅ ਦੇਣ, ਘੋੜੇ ਦੀ ਸਵਾਰੀ ਕਰਨ ਤੇ ਇੱਥੋਂ ਤੱਕ ਕਿ ਚੰਗੇ ਕੱਪੜੇ ਪਾ ਲੈਣ ਦੀ ਵੀ ਦਲਿਤਾਂ ਲਈ ਮਨਾਹੀ ਹੈ।

ਪਿੰਡਾਂ ਵਿੱਚ ਦਲਿਤਾਂ ਨਾਲ ਅਜਿਹਾ ਵਿਹਾਰ ਹੋ ਰਿਹਾ ਹੈ, ਜਿਸ ਕਾਰਨ ਉਨ੍ਹਾਂ ਲਈ ਸਨਮਾਨਜਨਕ ਜੀਵਨ ਜਿਊਣਾ ਦੁੱਭਰ ਹੋ ਚੁੱਕਾ ਹੈ। ਪਿੰਡਾਂ ਦਾ ਹਰ ਕਾਨੂੰਨ ਰਾਜਪੂਤ ਤੇ ਬਾਕੀ ਉੱਚ ਜਾਤਾਂ ਦੀ ਮਨਮਰਜ਼ੀ ਨਾਲ ਚਲਦਾ ਹੈ।

ਮੋਟਾ ਨਾਅ ਦੇ ਪਿੰਡ ਵਿੱਚ ਦੋ ਹਜ਼ਾਰ ਘਰ ਹਨ। ਇਨ੍ਹਾਂ ਵਿੱਚੋਂ 100 ਘਰ ਦਲਿਤਾਂ ਤੇ ਬਾਕੀ ਰਾਜਪੂਤਾਂ ਤੇ ਠਾਕੁਰਾਂ ਦੇ ਹਨ। ਪਿੰਡ ਦੇ ਦਲਿਤ ਪਰਵਾਰਾਂ ਦੇ ਹਰ ਘਰ ਦਾ ਇੱਕ ਵਿਅਕਤੀ ਸਰਕਾਰੀ ਨੌਕਰੀ ਜਾਂ ਫੌਜ ਵਿੱਚ ਹੈ। ਇਸ ਕਰਕੇ ਇਨ੍ਹਾਂ ਦੀ ਆਰਥਕ ਹਾਲਤ ਚੰਗੀ ਹੈ। ਇਹੋ ਗੱਲ ਉੱਚ ਜਾਤਾਂ ਦੇ ਲੋਕਾਂ ਨੂੰ ਚੁੱਭਦੀ ਹੈ। ਇਹ ਦਲਿਤ ਜਦੋਂ ਕੋਈ ਆਪਣਾ ਸ਼ੌਕ ਪੂਰਾ ਕਰਦੇ ਹਨ ਤਾਂ ਉਨ੍ਹਾਂ ਲਈ ਮੁਸੀਬਤ ਬਣ ਜਾਂਦਾ ਹੈ। 21 ਸਾਲਾ ਜਿਗਰਭਾਈ ਉਤੇ ਪਿੰਡ ਦੇ 7 ਰਾਜਪੂਤਾਂ ਨੇ ਹਮਲਾ ਕਰ ਦਿੱਤਾ। ਕਾਰਨ ਇਹ ਸੀ ਕਿ ਪਿੰਡੋਂ ਨੌਕਰੀ ਦੇ ਜਾਣ ਸਮੇਂ ਉਸ ਨੇ ਚਸ਼ਮਾ ਲਾ ਲਿਆ ਸੀ। ਜਦੋਂ ਜਿਗਰਭਾਈ ਨੂੰ ਛੁਡਾਉਣ ਲਈ ਉਸ ਦੀ ਮਾਂ ਤੇ ਭਰਾ ਆਏ ਤਾਂ ਦਬੰਗਾਂ ਨੇ ਉਨ੍ਹਾਂ ਉੱਤੇ ਵੀ ਹਮਲਾ ਕਰ ਦਿੱਤਾ। ਇਸ ਘਟਨਾ ਵਿਰੁੱਧ ਜਦੋਂ ਪਰਵਾਰ ਨੇ ਥਾਣੇ ਰਪਟ ਦਰਜ ਕਰਾਈ ਤਾਂ ਦੂਜੇ ਪਾਸਿਓਂ ਇੱਕ ਦੋਸ਼ੀ ਦੀ ਪਤਨੀ ਨੇ ਜਿਗਰਭਾਈ, ਭੂਪਤਭਾਈ ਤੇ ਦੋ ਹੋਰ ਵਿਅਕਤੀਆਂ ਵਿਰੁੱਧ ਇਹ ਦਰਖਾਸਤ ਦੇ ਦਿੱਤੀ ਕਿ ਉਹ ਮੇਰੇ ਵੱਲ ਮਾੜੀ ਨਜ਼ਰ ਨਾਲ ਦੇਖਦੇ ਸਨ। ਜਵਾਬੀ ਰਪਟ ਦਰਜ ਹੋਣ ਤੋਂ ਬਾਅਦ ਜਿਗਰਭਾਈ ਨੂੰ ਪਿੰਡ ਛੱਡ ਕੇ ਫਰਾਰ ਹੋਣਾ ਪਿਆ ਹੈ, ਜਦੋਂ ਕਿ ਉਸ ਉੱਤੇ ਹਮਲਾ ਕਰਨ ਵਾਲੇ ਅਜ਼ਾਦ ਘੁੰਮ ਰਹੇ ਹਨ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਪੁਲਸ ਨੇ ਕੋਈ ਕੋਸ਼ਿਸ਼ ਨਹੀਂ ਕੀਤੀ। ਗੁਜਰਾਤ ਵਿੱਚ ਜਾਤੀ ਭੇਦਭਾਵ ਇਸ ਕਦਰ ਹਾਵੀ ਹੋ ਚੁੱਕਾ ਹੈ ਕਿ ਪੁਲਸ ਤੇ ਪ੍ਰਸ਼ਾਸਨ ਵੀ ਇਸ ਤੋਂ ਅਛੂਤੇ ਨਹੀਂ ਰਹੇ।

ਹਾਲਾਤ ਏਨੇ ਵਿਗੜ ਚੁੱਕੇ ਹਨ ਕਿ ਕਈ ਪਿੰਡਾਂ ਵਿੱਚ ਸ਼ਾਦੀ ਮੌਕੇ ਲਾੜਾ ਪਗੜੀ ਵੀ ਨਹੀਂ ਬੰਨ੍ਹ ਸਕਦਾ। ਡੀ ਜੇ ਵਜਾਉਣ ਦੀ ਤਾਂ ਬਿਲਕੁਲ ਮਨਾਹੀ ਹੈ।

ਮੋਦੀ ਤੇ ਉਸ ਦੀ ਭਾਜਪਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸੜਕਾਂ, ਸਨਅਤਾਂ ਲਾਉਣ ਤੇ ਬੁਲਟ ਟਰੇਨ ਦੇ ਸੁਫ਼ਨੇ ਦਿਖਾਉਣ ਨਾਲ ਹੀ ਕੋਈ ਰਾਜ ਆਦਰਸ਼ ਰਾਜ ਨਹੀਂ ਬਣ ਜਾਂਦਾ। ਸਮਾਜ ਦੇ ਹਰ ਵਿਅਕਤੀ ਨੂੰ ਸਮਾਨ ਅਧਿਕਾਰ ਹੀ ਕਿਸੇ ਰਾਜ ਨੂੰ ਆਦਰਸ਼ ਰਾਜ ਬਣਾ ਸਕਦੇ ਹਨ। ਸੱਚ ਇਹ ਹੈ ਕਿ ਭਾਜਪਾ ਦੇ 20 ਸਾਲਾ ਰਾਜ ਨੇ ਗੁਜਰਾਤ ਨੂੰ ਅੱਗੇ ਨਹੀਂ ਪਿੱਛੇ ਧੱਕ ਦਿੱਤਾ ਹੈ।

ਅਕਾਲੀ-ਭਾਜਪਾ ਸੰਭਾਵੀ ਸਮਝੌਤਾ ਤੇ ਕੁਝ ਅਣਸੁਲਝੇ ਸਵਾਲ

ਚੰਦਰਪਾਲ ਅੱਤਰੀ, ਲਾਲੜੂ

ਭਾਰਤ 'ਚ ਸਾਲ 2024 ਦੀਆਂ ਆਮ ਚੋਣਾਂ ਲਈ ਸਰਗਰਮੀਆਂ ਸ਼ੁਰੂ ਹੋ ਚੁੱਕੀਆਂ ਹਨ। ਹਰ ਸਿਆਸੀ ਪਾਰਟੀ ਆਪੋ-ਆਪਣੇ ਪੱਧਰ ਉਤੇ ਅੰਦਰੋਂ-ਅੰਦਰੀ ਸਿਆਸੀ ਜੋੜ-ਤੋੜ ਕਰ ਰਹੀ ਹੈ। ਕੇਂਦਰ ਦੀ ਸੱਤਾ ਲਈ ਗਠਜੋੜ ਬਣਨ ਬਾਰੇ ਨਿੱਤ ਵਿਚਾਰਾਂ ਹੋ ਰਹੀਆਂ ਹਨ। ਇੱਕ ਪਾਸੇ ਜਿੱਥੇ ਭਾਜਪਾ ਆਪਣੇ ਜੇਤੂ ਕਿਲ੍ਹੇ ਨੂੰ ਬਚਾਉਣ ਲਈ ਸਰਗਰਮ ਹੋ ਗਈ ਹੈ, ਉੱਥੇ ਦੂਜੇ ਪਾਸੇ ਕਾਂਗਰਸ ਤੇ ਹੋਰ ਗਠਜੋੜ ਵੀ ਇਸ ਦਿਸ਼ਾ ਵਿੱਚ ਰਣਨੀਤੀਆਂ ਘੜ ਰਹੇ ਹਨ। ਹਾਲਾਂਕਿ ਮੱਥੇ ਦੇ ਚੌਲ ਭਵਿੱਖ ਦੇ ਗਰਭ ਵਿੱਚ ਹਨ।

ਕੌਮੀ ਪੱਧਰ ਦੇ ਗਠਜੋੜਾਂ ਦੇ ਹੋਣ ਨਾ ਹੋਣ ਦੀ ਅਜੇ ਕੋਈ ਪੱਕੀ ਗਰੰਟੀ ਨਹੀਂ ਦਿੱਤੀ ਜਾ ਸਕਦੀ, ਪਰ ਇਸ ਸਮੇਂ ਸਭ ਤੋਂ ਵੱਧ ਦਿਲਚਸਪ ਤੇ ਧਿਆਨ ਖਿੱਚਦੀ ਖ਼ਬਰ ਨਿੱਤ ਅਕਾਲੀ ਦਲ (ਬਾਦਲ) ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਰਮਿਆਨ ਸੰਭਾਵੀ ਸਮਝੌਤਾ ਹੋਣ ਦੀਆਂ ਕਨਸੋਆਂ ਹਨ। ਛਣ-ਛਣ ਕੇ ਆਉਂਦੀਆਂ ਖਬਰਾਂ ਮੁਤਾਬਕ ਦੋਹਾਂ ਪਾਰਟੀਆਂ ਅੰਦਰੋਂ-ਅੰਦਰੀ ਸਮਝੌਤੇ ਲਈ ਯਤਨਸ਼ੀਲ ਹਨ, ਪਰ ਸਮੱਸਿਆ ਵੱਡੀ ਤੇ ਛੋਟੀ ਧਿਰ ਦੇ ਮੁੱਦੇ ਉਤੇ ਬਣੀ ਹੋਈ ਹੈ। ਇਸ ਤਰ੍ਹਾਂ ਦੀਆਂ ਕਨਸੋਆਂ ਨਾਲ ਅਕਾਲੀ ਦਲ (ਬਾਦਲ) ਦੀ ਹਾਲੀਆ ਸਹਿਯੋਗੀ ਬਹੁਜਨ ਸਮਾਜ ਪਾਰਟੀ (ਬਸਪਾ) ਥੋੜ੍ਹੇ ਸਕਤੇ ਵਿੱਚ ਹੈ ਤੇ ਇਸ ਪਾਰਟੀ ਦੀਆਂ ਇਕੱਲਿਆਂ ਜਾਰੀ ਸਿਆਸੀ ਸਰਗਰਮੀਆਂ ਬਹੁਤ ਹੱਦ ਤੱਕ ਇਸ ਬੇਮੁਖੀ ਦੀ ਪੁਸ਼ਟੀ ਵੀ ਕਰਦੀਆਂ ਹਨ। ਇਸੇ ਦੌਰਾਨ ਇਸ ਮਾਮਲੇ ਵਿੱਚ ਤਿੰਨੇ ਪਾਰਟੀਆਂ (ਅਕਾਲੀ-ਬਸਪਾ ਤੇ ਭਾਜਪਾ) ਦੇ ਚਿੱਟ-ਕੁੜਤੀਏ ਸਿਆਸੀ ਆਗੂਆਂ ਦਾ ਪੱਖ ਵੱਖੋ-ਵੱਖਰਾ ਹੈ, ਜਦਕਿ ਆਮ ਲੋਕਾਂ ਦੀ ਰਾਇ ਵੱਖਰੀ ਹੈ। ਪਿਛਲੀਆਂ ਸਰਕਾਰਾਂ ਦੌਰਾਨ ਮੌਜਾਂ ਮਾਣ ਚੁੱਕੇ ਇਹ ਮੰਤਰੀ-ਨੁਮਾ, ਵਿਧਾਇਕ, ਚੇਅਰਮੈਨ ਤੇ ਪ੍ਰਧਾਨ-ਨੁਮਾ ਚਿੱਟ-ਕੁੜਤੀਏ ਆਗੂ ਹਰ ਹਾਲ ਵਿੱਚ ਅਕਾਲੀ-ਭਾਜਪਾ ਦਰਮਿਆਨ ਸਮਝੌਤਾ ਹੋਣ ਦੀਆਂ ਉਮੀਦਾਂ ਲਾਈ ਬੈਠੇ ਹਨ ਤੇ ਇਸ ਸੰਬੰਧੀ ਇਹ ਯਤਨਸ਼ੀਲ ਵੀ ਹਨ। ਇਹ ਉਹੀ ਆਗੂ ਹਨ, ਜੋ ਪਿਛਲੀਆਂ ਸਰਕਾਰਾਂ ਦੇ ਸਮੇਂ ਹਰ ਲੋਕ ਵਿਰੋਧੀ ਫੈਸਲੇ ਨੂੰ ਸਹੀ ਮੰਨਦਿਆਂ ਸੁੱਕੇ ਜੈਕਾਰੇ ਛੱਡਦੇ ਰਹੇ ਹਨ, ਜਦਕਿ ਇਸ ਸੰਭਾਵੀ ਗਠਜੋੜ ਦੀਆਂ ਕਨਸੋਆਂ ਨੂੰ ਵੇਖ ਰਹੇ ਆਮ ਲੋਕਾਂ ਦਾ ਕਹਿਣਾ ਹੈ ਕਿ ਹੁਣ ਦੁਬਾਰਾ ਇਹ ਸਮਝੌਤਾ ਕਿਸ ਲਈ ਤੇ ਕਿਉਂ ਹੋਣਾ ਚਾਹੀਦਾ ਹੈ? ਕੀ ਇਹ ਸਮਝੌਤਾ ਮਹਿਜ਼ ਸੱਤਾ ਹਾਸਲ ਕਰਨ ਤੱਕ ਸੀਮਤ ਹੋਣਾ ਚਾਹੀਦਾ ਹੈ ਜਾਂ ਇਸ ਸਮਝੌਤੇ ਵਿੱਚ ਇਸ ਗਠਜੋੜ ਵੱਲੋਂ ਪਹਿਲਾਂ ਹੋਈਆਂ ਇਤਿਹਾਸਕ ਗਲਤੀਆਂ ਤੇ ਪੰਜਾਬ ਸੰਬੰਧੀ ਭਵਿੱਖੀ ਸ਼ਰਤਾਂ ਤੈਅ ਹੋਣੀਆਂ ਚਾਹੀਦੀਆਂ ਹਨ।

ਇਸ ਸੰਭਾਵੀ ਗਠਜੋੜ ਦੀਆਂ ਕਨਸੋਆਂ ਬਾਰੇ ਵਿਸਥਾਰਤ ਗੱਲਬਾਤ ਕਰਨ ਤੋਂ ਪਹਿਲਾਂ ਅਕਾਲੀ ਦਲ (ਬਾਦਲ)-ਭਾਜਪਾ ਗਠਜੋੜ ਤੇ ਅਕਾਲੀ ਦਲ (ਬਾਦਲ)-ਬਸਪਾ ਗਠਜੋੜ ਦੇ ਇਤਿਹਾਸ ਉੱਤੇ ਇੱਕ ਝਾਤ ਜ਼ਰੂਰੀ ਹੈ। ਅਸਲ ਵਿੱਚ ਦੇਸ਼ ਦੇ ਆਜ਼ਾਦ ਹੋਣ ਤੋਂ ਪਹਿਲਾਂ ਬਹੁਤ ਸਾਰੇ ਅਕਾਲੀ ਆਗੂਆਂ ਨੇ ਕਾਂਗਰਸ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਗਦਰੀ ਬਾਬੇ, ਕੂਕੇ ਤੇ ਸੁਤੰਤਰਤਾ ਸੈਨਾਨੀ ਕਾਫ਼ੀ ਹੱਦ ਤੱਕ ਅਕਾਲੀ ਸਿਆਸਤ ਤੇ ਖੱਬੇ ਪੱਖੀ ਸਿਆਸਤ ਵਿੱਚ ਤਾਲਮੇਲ ਬਣਾ ਕੇ ਚੱਲਦੇ ਸਨ। ਆਜ਼ਾਦੀ ਤੋਂ ਬਾਅਦ ਸੀਨੀਅਰ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਦਾ ਝੁਕਾਅ ਜਨ ਸੰਘ ਵੱਲ ਵਧ ਗਿਆ। ਬਹੁਤ ਮਾਮਲਿਆਂ ਵਿੱਚ ਦੋਹਾਂ ਦੀ ਰਾਇ ਇੱਕੋ ਜਿਹੀ ਹੁੰਦੀ ਸੀ। ਇਸ ਤਾਲਮੇਲ ਦੇ ਚੱਲਦਿਆਂ ਹੀ ਸ਼ੁਰੂਆਤੀ ਦੌਰ ਵਿੱਚ ਅਕਾਲੀ ਆਗੂ ਉਸ ਸਮੇਂ ਬੇਹੱਦ ਜ਼ੋਰ ਵਿੱਚ ਮੰਨੀ ਜਾਂਦੀ ਕਾਂਗਰਸ ਪਾਰਟੀ ਨੂੰ ਸੱਤਾ ਵਿੱਚੋਂ ਬੇਦਖਲ ਕਰਨ ਵਿੱਚ ਕਾਮਯਾਬ ਵੀ ਹੋਏ ਸਨ। ਆਜ਼ਾਦੀ ਤੋਂ ਬਾਅਦ ਅਸਲ ਵਿੱਚ ਕਾਂਗਰਸ ਦੀ ਮੁੱਖ ਵਿਰੋਧੀ ਧਿਰ ਖੱਬੀਆਂ ਪਾਰਟੀਆਂ ਸਨ ਤੇ ਇਸੇ ਕਾਰਨ ਇਹ ਪਾਰਟੀਆਂ ਵੀ ਇਸ ਅਕਾਲੀ ਗਠਜੋੜ ਦੇ ਨੇੜੇ ਰਹਿੰਦੀਆਂ ਸਨ। 1980 ਦੇ ਦਹਾਕੇ ਤੱਕ ਅਕਾਲੀ-ਖੱਬੀ ਪੱਖੀ ਤੇ ਜਨ ਸੰਘ ਵਾਲਾ ਗਠਜੋੜ ਕਾਂਗਰਸ ਨੂੰ ਜ਼ਬਰਦਸਤ ਟੱਕਰ ਦਿੰਦਾ ਰਿਹਾ, ਪਰ ਇਸ ਉਪਰੰਤ ਅਕਾਲੀ-ਜਨ ਸੰਘ ਦੇ ਗਠਜੋੜ ਵਿੱਚ ਤਰੇੜ ਆ ਗਈ। ਉਸ ਸਮੇਂ ਜਨ ਸੰਘ ਦੇ ਵਧੇਰੇ ਆਗੂਆਂ ਨੇ ਕੁੱਝ ਗਰਮ-ਖਿਆਲੀਆਂ ਦੇ ਬਹਾਨੇ ਸਾਰੇ ਪੰਜਾਬ ਨੂੰ ਹੀ ਇੱਕ ਪਲੜੇ ਵਿੱਚ ਤੋਲ ਦਿੱਤਾ, ਜਦਕਿ ਉਸ ਸਮੇਂ ਦੇ ਅਕਾਲੀ ਆਗੂ ਵੀ ਸਮੇਂ ਦੀ ਸਿਆਸਤ ਦੇ ਹਿਸਾਬ ਨਾਲ ਪ੍ਰੋੜ੍ਹ ਸਾਬਤ ਨਹੀਂ ਹੋਏ। ਇਸ ਸਮੇਂ ਦੌਰਾਨ ਕਾਂਗਰਸ ਨੇ ਬਹੁਤੀ ਸਿਆਣਪ ਨਾ ਵਿਖਾਈ ਤੇ ਕਦਮ ਦਰ ਕਦਮ ਲਏ ਗਲਤ ਸਿਆਸੀ ਫੈਸਲਿਆਂ ਕਾਰਨ ਪੰਜਾਬ ਗਰਮ-ਖ਼ਿਆਲੀਆਂ ਦੀ ਸਿਆਸੀ ਭੱਠੀ ਵਿੱਚ ਝੁਲਸ ਗਿਆ। ਇਸ ਉਪਰੰਤ 12 ਸਾਲ ਪੰਜਾਬ ਸਹਿਮ ਦੇ ਸਾਏ ਵਿੱਚ ਰਿਹਾ। ਹਿੰਦੂ-ਸਿੱਖ ਦਾ ਪਾੜਾ ਬੇਹਿਸਾਬ ਵਧ ਗਿਆ। ਆਖਰ ਸਾਲ 1996 ਦੀਆਂ ਆਮ ਚੋਣਾਂ ਵਿੱਚ ਅਕਾਲੀ ਦਲ ਬਾਦਲ ਤੇ ਬਸਪਾ ਦਾ ਸਮਝੌਤਾ ਹੋ ਗਿਆ। ਇਹ ਉਹ ਸਮਾਂ ਸੀ ਜਦੋਂ ਅਕਾਲੀ ਦਲ ਪੂਰੀ ਤਰ੍ਹਾਂ ਬਾਦਲ ਗੁੱਟ ਦੇ ਪੱਖ ਵਿੱਚ ਸੀ। ਇਸ ਨਵੇਂ ਗਠਜੋੜ ਨੇ ਆਮ ਚੋਣਾਂ ਵਿੱਚ ਇਤਿਹਾਸਕ ਜਿੱਤ ਪ੍ਰਾਪਤ ਕੀਤੀ। ਸੂਬੇ ਦੀਆਂ 13 ਲੋਕ ਸਭਾ ਸੀਟਾਂ ਵਿੱਚੋਂ 11 ਸੀਟਾਂ ਇਸ ਗਠਜੋੜ ਨੇ ਜਿੱਤ ਕੇ ਕਾਂਗਰਸ ਤੇ ਹੋਰਨਾਂ ਪਾਰਟੀਆਂ ਨੂੰ ਸਿਆਸੀ ਤੌਰ ਉੱਤੇ ਪਿੱਛੇ ਧੱਕ ਦਿੱਤਾ। ਇਹ ਗਠਜੋੜ ਇਸ ਸਮੇਂ ਆਪਣੇ-ਆਪ ਵਿੱਚ ਇੱਕ ਮਿਸਾਲ ਸੀ, ਪਰ ਇਸੇ ਦੌਰਾਨ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿੱਚ ਦੇਸ਼ ਅੰਦਰ ਭਾਜਪਾ ਦਾ ਉਭਾਰ ਹੋਣਾ ਸ਼ੁਰੂ ਹੋ ਗਿਆ। ਗਾਂਧੀ ਪਰਵਾਰ ਬੇਹੱਦ ਕਮਜ਼ੋਰ ਹੋ ਚੁੱਕਾ ਸੀ ਤੇ ਅਕਾਲੀ ਦਲ (ਬਾਦਲ) ਦੀ ਨਜ਼ਰ ਸੂਬਾਈ ਸੱਤਾ ਦੇ ਨਾਲ-ਨਾਲ ਕੇਂਦਰ ਦੀ ਸੱਤਾ ਹਾਸਲ ਕਰਨ ਵੱਲ ਸੀ, ਜੋ ਕਿ ਸਿਆਸੀ ਤੌਰ ਉੱਤੇ ਬਸਪਾ ਨਾਲ ਰਹਿੰਦਿਆਂ ਪੂਰੀ ਹੋਣੀ ਅਸੰਭਵ ਸੀ। ਸੱਤਾ ਦੇ ਇਸ ਮੋਹ ਨੇ ਅਕਾਲੀ-ਬਸਪਾ ਦੇ ਗਠਜੋੜ ਨੂੰ ਲੀਰੋ-ਲੀਰ ਕਰ ਦਿੱਤਾ। ਇਸ ਸਮਝੌਤੇ ਨੂੰ ਤੋੜਨ ਸਮੇਂ ਅਕਾਲੀਆਂ ਨੇ ਤਰਕ ਦਿੱਤਾ ਕਿ ਬਸਪਾ ਕੌਮੀ ਪੱਧਰ ਉਤੇ ਕਾਂਗਰਸ ਵੱਲ ਝੁਕ ਰਹੀ ਹੈ ਤੇ ਅਕਾਲੀ ਕਿਸੇ ਵੀ ਸ਼ਰਤ ਉਤੇ ਕਾਂਗਰਸ ਦੀ ਅਧੀਨਗੀ ਸਵੀਕਾਰ ਨਹੀਂ ਕਰ ਸਕਦੇ, ਜਦਕਿ ਦੂਜੇ ਪਾਸੇ ਬਸਪਾ ਆਗੂ ਕਾਂਸ਼ੀ ਰਾਮ ਨੇ ਕਿਹਾ ਕਿ ਅਕਾਲੀਆਂ ਨੇ ਕੇਂਦਰੀ ਸੱਤਾ ਦੇ ਮੋਹ ਕਾਰਨ ਸਾਨੂੰ ਧੋਖਾ ਦੇ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਕਾਲੀਆਂ ਨੇ ਭਾਜਪਾ ਨਾਲ ਸਿਆਸੀ ਸਮਝੌਤਾ ਕਰਨ ਵੇਲੇ ਸਾਡੇ ਨਾਲ ਇੱਕ ਵਾਰ ਵੀ ਗੱਲ ਕਰਨੀ ਮੁਨਾਸਿਬ ਨਾ ਸਮਝੀ। ਹਾਲਾਂਕਿ ਹੁਣ ਇਨ੍ਹਾਂ ਦੋਹਾਂ ਪਾਰਟੀਆਂ ਵਿੱਚ ਸਮਝੌਤਾ ਬਣਿਆ ਹੋਇਆ ਹੈ, ਪਰ ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਬਸਪਾ ਆਲੇ ਆਪਣੇ ਹਾਸ਼ੀਏ ਉਤੇ ਰਹਿ ਰਹੇ ਲੋਕਾਂ ਦੀ ਗੱਲ ਕਰਨ ਦੀ ਬਜਾਇ ਖੁਦ ਵੀ ਗਰਮ-ਖਿਆਲੀ ਸਿਆਸਤ ਤੇ ਅਕਾਲੀਆਂ ਦਾ ਦਬਾਅ ਮੰਨਣ ਨੂੰ ਤਰਜੀਹ ਦੇ ਰਹੇ ਹਨ। ਹੁਣ ਬੇਹੱਦ ਪੱਛੜੇ ਲੋਕਾਂ ਦੀ ਸਿਆਸਤ ਕਰਨ ਵਾਲੇ ਬਸਪਾ ਆਗੂ ਵੀ ਆਪਣੇ ਨਾਵਾਂ ਅੱਗੇ 'ਭਾਈ' ਸ਼ਬਦ ਲਗਾਉਣ ਨੂੰ ਤਰਜੀਹ ਦੇ ਰਹੇ ਹਨ। ਆਖਰ 1996-97 ਵਿੱਚ ਅਕਾਲੀ ਦਲ ਬਾਦਲ ਤੇ ਭਾਜਪਾ ਦਾ ਸਮਝੌਤਾ ਹੋ ਗਿਆ। ਇਸ ਸਮਝੌਤੇ ਤਹਿਤ ਅਕਾਲੀ ਦਲ ਨੇ ਪੂਰੇ 15 ਸਾਲ ਪੰਜਾਬ ਦੀ ਵਾਗਡੋਰ ਸੰਭਾਲੀ। ਉਹ ਪੰਜ ਸਾਲ ਇੱਕ ਵਾਰ ਤੇ ਦਸ ਸਾਲ ਲਗਾਤਾਰ ਦੂਜੀ ਵਾਰ ਸੱਤਾ ਵਿੱਚ ਰਹੇ।

ਇਸੇ ਦਰਮਿਆਨ ਦੋ ਦਫਾ ਕਾਂਗਰਸ ਵੀ ਸੱਤਾ ਵਿੱਚ ਰਹੀ। ਕਾਂਗਰਸ ਦੇ ਸੱਤਾ ਵਿੱਚ ਰਹਿਣ ਵੇਲੇ ਵੀ ਅਕਾਲੀ-ਭਾਜਪਾ ਗਠਜੋੜ ਇੱਕਜੁੱਟ ਰਿਹਾ ਹੈ। ਇਸ ਸਮੇਂ ਦੌਰਾਨ ਗੁਜਰਾਤ ਦੰਗਿਆਂ ਦੇ ਰੂਪ ਵਿੱਚ ਘੱਟ-ਗਿਣਤੀਆਂ ਵਿਰੁੱਧ ਸਭ ਤੋਂ ਅਹਿਮ ਘਟਨਾ ਵੀ ਵਾਪਰੀ। ਸਾਲ 2004 ਤੋਂ 2014 ਤੱਕ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਦੀ ਸਰਕਾਰ ਰਹੀ ਤੇ ਇਸ ਸਰਕਾਰ ਵਿਰੁੱਧ ਅਕਾਲੀ ਦਲ ਪੂਰੀ ਤਰ੍ਹਾਂ ਭਾਜਪਾ ਦੀ ਹਾਂ ਵਿੱਚ ਹਾਂ ਮਿਲਾਉਂਦਾ ਰਿਹਾ। ਸਾਲ 2014 ਉਪਰੰਤ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਨੇ ਜ਼ਬਰਦਸਤ ਵਾਪਸੀ ਕੀਤੀ ਤੇ ਆਪਣੇ ਹਿੰਦੂਤਵ ਵਾਲੇ ਏਜੰਡੇ ਦਾ ਪਾਸਾਰ ਕੀਤਾ। ਚੰਗੇ-ਮਾੜੇ ਸਭ ਮੁਸਲਮਾਨਾਂ ਨੂੰ ਇੱਕ ਤਰਾਜੂ ਵਿੱਚ ਤੋਲ ਦਿੱਤਾ। ਪਾਕਿਸਤਾਨ ਤੇ ਚੀਨ ਖ਼ਿਲਾਫ਼ ਠੋਸ ਰਣਨੀਤੀ ਦੀ ਬਜਾਇ ਵੋਟ ਬਟੋਰੂ ਨੀਤੀ ਅਪਣਾਈ। ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਬਜਾਇ ਜੰਮੂ-ਕਸ਼ਮੀਰ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ। ਐੱਨ ਆਰ ਸੀ ਤੇ ਸੀ ਏ ਏ ਸਮੇਤ ਸਾਰੇ ਕਾਨੂੰਨ ਉਸ ਸਮੇਂ ਬਣੇ, ਜਦੋਂ ਅਕਾਲੀ ਦਲ ਵਾਲੇ ਭਾਜਪਾ ਨਾਲ ਘਿਓ-ਖਿਚੜੀ ਸਨ। ਸਭ ਤੋਂ ਅਹਿਮ ਕਿਸਾਨੀ ਕਾਨੂੰਨ ਸਨ, ਜਿਨ੍ਹਾਂ ਬਾਰੇ ਅਕਾਲੀ ਦਲ ਵਾਲੇ ਸ਼ੁਰੂ ਵਿੱਚ ਭਾਜਪਾ ਨੂੰ ਸਹੀ ਗਰਦਾਨਦੇ ਰਹੇ। ਇਸ ਮਾਮਲੇ ਵਿੱਚ ਅਕਾਲੀ ਦਲ (ਬਾਦਲ

28-JUNE-PAGE-5.qxd 6/27/2023 9:25 PM Page 1

ਪੰਜਾਬ ਰੋਡਵੇਜ਼ ਪਨਬੱਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਮੁਕੰਮਲ ਹੜਤਾਲ

ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ ਅੱਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਪੰਜਾਬ ਰੋਡਵੇਜ਼ ਪਨਬੱਸ/ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਪੂਰੇ ਪੰਜਾਬ ਦੇ 27 ਡਿੱਪੂਆਂ ਦੇ ਨਾਲ ਫਿਰੋਜ਼ਪੁਰ ਡਿੱਪੂ ਵੀ ਮੁਕੰਮਲ ਬੰਦ ਰਿਹਾ।ਇਸ ਮੌਕੇ ਪ੍ਰਧਾਨ ਜਤਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਦੀ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਟਰਾਂਸਪੋਰਟ ਵਿਭਾਗ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ, ਸਗੋਂ ਪਹਿਲਾਂ ਨਾਲੋਂ ਵੀ ਹਾਲਾਤ ਮਾੜੇ ਹਨ। ਉਨ੍ਹਾ ਦੱਸਿਆ ਕਿ 19/12/2022 ਨੂੰ ਮਾਣਯੋਗ ਚੀਫ ਸੈਕਟਰੀ ਸਾਹਿਬ, ਫੇਰ ਜਲੰਧਰ ਜ਼ਿਮਨੀ ਚੋਣਾਂ ਦੌਰਾਨ 2 ਵਾਰ ਮੁੱਖ ਮੰਤਰੀ ਪੰਜਾਬ ਤੇ 15/5/23 ਨੂੰ ਮਾਣਯੋਗ ਮੁੱਖ ਮੰਤਰੀ ਸਹਿਬ ਪੰਜਾਬ ਦੇ ਨਿਰਦੇਸ਼ ਆਧੀਨ ਮਾਣਯੋਗ ਟਰਾਂਸਪੋਰਟ ਮੰਤਰੀ ਪੰਜਾਬ ਨਾਲ ਮੀਟਿੰਗ, ਉਸ ਤੋਂ ਬਾਅਦ 18/5/23 ਨੂੰ ਸਬ ਕਮੇਟੀ ਨਾਲ ਮੀਟਿੰਗ, ਉਪਰੰਤ ਪ੍ਰਮੁੱਖ ਸਕੱਤਰ ਟਰਾਂਸਪੋਰਟ ਵਿਭਾਗ ਪੰਜਾਬ ਨਾਲ 2/6/23 ਨੂੰ ਮੀਟਿੰਗ ਹੋਈ, ਜਿਨ੍ਹਾਂ ਮੀਟਿੰਗਾਂ ਦਾ ਹਵਾਲਾ ਦਿੰਦੇ ਹੋਏ ਸੈਕਟਰੀ ਨੇ ਮੰਗਾਂ ਜਿਵੇਂ 5 ਪ੍ਰਤੀਸ਼ਤ ਤਨਖਾਹ ਵਾਧਾ ਰਿਪੋਰਟਾਂ ਦੀਆਂ ਕੰਡੀਸ਼ਨਾਂ ਵਿੱਚ ਸੋਧ ਬਲੈਕ ਲਿਸਟ ਕਰਮਚਾਰੀ ਬਹਾਲ ਕਰਨ ਡਾਟਾ ਐਂਟਰੀ, ਅਡਵਾਂਸ ਬੁੱਕਰਾਂ, ਨਵੇਂ ਭਰਤੀ ਤੇ ਬਹਾਲ ਹੋਏ ਮੁਲਾਜ਼ਮਾਂ ਦੀ ਤਨਖਾਹ ਵਿੱਚ ਵਾਧਾ, ਤਨਖਾਹ ਵਿੱਚ ਇੱਕਸਾਰਤਾ, ਗੈਰ-ਕਾਨੂੰਨੀ ਤਰੀਕੇ ਨਾਲ ਠੇਕੇਦਾਰ ਨੂੰ ਟੈਂਡਰ ਦੇਣ ਖਿਲਾਫ਼ ਕਾਰਵਾਈ ਆਦਿ ਮੰਗਾਂ ਦਾ ਹੱਲ ਕਰਨ ਲਈ 15 ਦਿਨ ਦਾ ਸਮਾਂ ਮੰਗਿਆ ਗਿਆ ਸੀ, ਪਰ ਸਮਾਂ ਪੂਰਾ ਹੋਣ 'ਤੇ ਕੋਈ ਵੀ ਮੰਗ ਦਾ ਹੱਲ ਕੱਢਣ ਲਈ ਤਿਆਰ ਨਹੀਂ। ਡਿੱਪੂ ਸੈਕਟਰੀ ਮੁਖਪਾਲ ਸਿੰਘ ਸਿੰਘ ਨੇ ਦੱਸਿਆ ਕਿ ਪੀਆਰਟੀਸੀ ਵਿੱਚ ਕਿਲੋਮੀਟਰ ਬੱਸਾਂ, ਜੋ ਕਿ ਪ੍ਰਾਈਵੇਟ ਮਾਲਕ ਪਾ ਰਹੇ ਹਨ, ਘਾਟੇਵੰਦ ਸੌਦਾ ਹੈ, ਪਰ ਮੈਨੇਜਮੈਂਟ ਉਸ ਤੋਂ ਵੀ ਪਿੱਛੇ ਹਟਣ ਲਈ ਤਿਆਰ ਨਹੀਂ, ਇਸ ਕਰਕੇ ਯੂਨੀਅਨ ਨੇ ਚੇਤਾਵਨੀ ਦਿੱਤੀ ਕਿ ਸਰਕਾਰ ਤੇ ਮੈਨੇਜਮੈਂਟ ਅਧਿਕਾਰੀਆਂ ਵੱਲੋਂ ਅੱਜ ਦੀ ਮੀਟਿੰਗ ਵਿੱਚ ਜੇਕਰ ਕੋਈ ਠੋਸ ਹੱਲ ਨਹੀਂ ਕੱਢਿਆ ਗਿਆ ਤਾਂ 28 ਜੂਨ ਨੂੰ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਰੋਸ ਧਰਨਾ ਦਿੱਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਮੈਨੇਜਮੈਂਟ ਦੀ ਹੋਵੇਗੀ। ਇਸ ਮੌਕੇ ਕਿਸਾਨ ਜਥੇਬੰਦੀ ਕ੍ਰਾਂਤੀਕਾਰੀ ਤੋਂ ਗੁਰਪ੍ਰੀਤ ਸਿੰਘ ਫਰੀਦੇਵਾਲਾ ਜ਼ਿਲ੍ਹਾ ਪ੍ਰਧਾਨ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਏ ਤੇ ਯੂਨੀਅਨ ਦੇ ਹਰੇਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਹਮਾਇਤ ਕੀਤੀ।ਇਸ ਮੌਕੇ ਜਸਪਾਲ ਸਿੰਘ, ਮੀਤ ਪ੍ਰਧਾਨ ਸੌਰਵ ਮੈਣੀ, ਹਰਜੀਤ ਸਿੰਘ, ਸੁਰਜੀਤ ਸਿੰਘ ਆਦਿ ਵਰਕਰ ਮੌਜੂਦ ਸਨ।

ਮੁਕਤਸਰ (ਸ਼ਮਿੰਦਰਪਾਲ, ਪੂਜਾ) : ਪੰਜਾਬ ਰੋਡਵੇਜ਼/ਪਨਬਸ ਤੇ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੇ ਸੱਦੇ 'ਤੇ ਪੰਜਾਬ ਰੋਡਵੇਜ਼/ਪਨਬਸ ਡਿੱਪੂ ਸ੍ਰੀ ਮੁਕਤਸਰ ਸਾਹਿਬ 'ਚ ਬੱਸਾਂ ਦਾ ਮੁਕੰਮਲ ਚੱਕਾ ਜਾਮ ਕਰਕੇ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਜਥੇਬੰਦੀ ਦੇ ਆਗੂ ਗੁਰਪ੍ਰੀਤ ਨੇ ਦੱਸਿਆ ਕਿ ਪਿਛਲੇ ਸਮੇਂ ਵਿੱਚ ਜਥੇਬੰਦੀ ਦੀਆਂ ਵੱਖ ਵੱਖ ਮੀਟਿੰਗਾਂ ਮੁੱਖ ਮੰਤਰੀ ਪੰਜਾਬ, ਟਰਾਂਸਪੋਰਟ ਮੰਤਰੀ ਪੰਜਾਬ, ਚੀਫ ਸਕੱਤਰ ਪੰਜਾਬ, ਟਰਾਂਸਪੋਰਟ ਸਕੱਤਰ ਪੰਜਾਬ ਤੇ ਟਰਾਂਸਪੋਰਟ ਡਾਇਰੈਕਟਰ ਨਾਲ ਹੋਈਆਂ, ਜਿਨ੍ਹਾਂ ਮੀਟਿੰਗਾਂ ਵਿੱਚ ਜਥੇਬੰਦੀ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਅਤੇ ਮਾਨਯੋਗ ਟਰਾਂਸਪੋਰਟ ਮੰਤਰੀ ਤੇ ਪ੍ਰਮੁੱਖ ਸਕੱਤਰ ਸ੍ਰੀ ਵਿਜੇ ਕੁਮਾਰ ਜੰਜੂਆਂ ਨੇ ਮੰਨਿਆ ਅਤੇ ਇੱਕ ਮਹੀਨੇ 'ਚ ਲਾਗੂ ਕਰਨ ਦਾ ਭਰੋਸਾ ਦਿੱਤਾ ਗਿਆ। ਉਸ ਤੋਂ ਬਾਅਦ ਨਵੇਂ ਟਰਾਂਸਪੋਰਟ ਸਕੱਤਰ ਦਿਲਰਾਜ ਸਿੰਘ ਵੱਲੋਂ ਵੀ ਜਥੇਬੰਦੀ ਨੂੰ 15 ਦਿਨ 'ਚ ਮੰਗਾਂ ਨੂੰ ਲਾਗੂ ਕਰਨ ਦਾ ਵਿਸ਼ਵਾਸ ਦਿੱਤਾ ਸੀ, ਪ੍ਰੰਤੂ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਕੋਈ ਵੀ ਮੰਗ ਨੂੰ ਲਾਗੂ ਨਹੀਂ ਕੀਤਾ ਗਿਆ, ਇਸ ਦੇ ਰੋਸ ਵਜੋਂ ਪੰਜਾਬ ਭਰ 'ਚ ਬੱਸਾਂ ਦਾ ਚੱਕਾ ਜਾਮ ਕਰਕੇ ਰੋਸ ਪ੍ਰਦਰਸ਼ਨ ਹੋ ਰਹੇ ਹਨ। ਅੱਜ ਫ਼ੇਰ ਉੱਚ ਅਧਿਕਾਰੀਆਂ ਵੱਲੋਂ ਚੰਡੀਗੜ੍ਹ 'ਚ ਮੀਟਿੰਗ ਬੁਲਾਈ ਗਈ ਹੈ, ਜੇਕਰ ਅੱਜ ਦੀ ਮੀਟਿੰਗ 'ਚ ਉਹ ਮੰਗਾਂ ਲਾਗੂ ਨਹੀਂ ਕਰਦੇ ਤਾਂ ਜਥੇਬੰਦੀ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।

ਭਰਾ ਵੱਲੋਂ ਨਬਾਲਗ ਭੈਣ ਦਾ ਕਤਲ

ਮੁਕਤਸਰ/ਮਲੋਟ (ਸ਼ਮਿੰਦਰਪਾਲ, ਪੂਜਾ/ਗੁਰਮੀਤ ਮੱਕੜ)

ਗਿੱਦੜਬਾਹਾ ਦੇ ਪਿੰਡ ਫਕਰਸਰ ਵਿਖੇ ਵਾਪਰੀ ਦਿਲ ਦਹਿਲਾ ਦੇਣ ਵਾਲੀ ਘਟਨਾ ਵਿੱਚ 19 ਸਾਲਾ ਭਰਾ ਵੱਲੋਂ ਚਰਿੱਤਰ 'ਤੇ ਸ਼ੱਕ ਹੋਣ ਦੇ ਚੱਲਦਿਆਂ ਆਪਣੀ 17 ਸਾਲਾ ਭੈਣ ਦਾ ਪੱਠੇ ਵੱਢਣ ਵਾਲੇ ਟੋਕੇ (ਗਡਾਸੇ) ਨਾਲ ਗਲਾ ਕੱਟ ਕੇ ਕਤਲ ਕਰ ਦਿੱਤਾ। ਕਥਿਤ ਦੋਸ਼ੀ ਭੈਣ ਦਾ ਕਤਲ ਕਰਨ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ, ਜਦੋਂਕਿ ਗਿੱਦੜਬਾਹਾ ਦੇ ਡੀ.ਐੱਸ.ਪੀ. ਜਸਬੀਰ ਸਿੰਘ ਪੰਨੂੰ ਘਟਨਾ ਵਾਲੀ ਜਗ੍ਹਾ ਪੁੱਜੇ ਅਤੇ ਘਟਨਾ ਦੀ ਜਾਂਚ ਸ਼ੁਰੂ ਕੀਤੀ। ਇਸ ਸੰਬੰਧੀ ਡੀ.ਐੱਸ.ਪੀ. ਜਸਬੀਰ ਸਿੰਘ ਪੰਨੂੰ ਨੇ ਦੱਸਿਆ ਕਿ ਅੱਜ ਪਿੰਡ ਫੱਕਰਸਰ ਦੇ ਰਹਿਣ ਵਾਲੇ ਕੁਲਵਿੰਦਰ ਸਿੰਘ (19 ਸਾਲ) ਨੇ ਆਪਣੀ 17 ਸਾਲਾ ਭੈਣ ਅੰਜੂ ਕੌਰ ਦਾ ਆਪਣੇ ਘਰ ਵਿੱਚ ਹੀ ਟੋਕੇ (ਗਡਾਸੇ) ਨਾਲ ਗਲਾ ਕੱਟ ਕੇ ਕਤਲ ਕਰ ਦਿੱਤਾ ਅਤੇ ਮੌਕੇ ਤੋਂ ਫਰਾਰ ਹੋ ਗਿਆ। ਉਨ੍ਹਾ ਦੱਸਿਆ ਕਿ ਘਟਨਾ ਸਮੇਂ ਕੁਲਵਿੰਦਰ ਸਿੰਘ ਤੇ ਉਸ ਦੀ ਭੈਣ ਅੰਜੂ ਕੌਰ ਘਰ ਵਿੱਚ ਸਨ, ਜਦੋਂਕਿ ਇਨ੍ਹਾਂ ਦੀ ਛੋਟੀ ਭੈਣ ਨੀਸ਼ੂ ਕੌਰ (13 ਸਾਲ) ਨੂੰ ਕਥਿਤ ਦੋਸ਼ੀ ਕੁਲਵਿੰਦਰ ਸਿੰਘ ਪਿੰਡ ਵਿੱਚ ਹੀ ਕਿਸੇ ਹੋਰ ਦੇ ਘਰ ਛੱਡ ਆਇਆ ਤੇ ਉਸ ਦੀ ਮਾਤਾ ਵੀਰਪਾਲ ਕੌਰ ਖੇਤਾਂ ਵਿੱਚ ਝੋਨਾ ਲਗਾਉਣ ਲਈ ਗਈ ਹੋਈ ਸੀ, ਜਦਕਿ ਪਿਤਾ ਸੁਰਜੀਤ ਸਿੰਘ ਦੀ ਕਰੀਬ 5 ਸਾਲ ਪਹਿਲਾਂ ਸੜਕ ਹਾਦਸੇ ਵਿੱਚ ਮੌਤ ਚੁੱਕੀ ਹੈ। ਇਸੇ ਦੌਰਾਨ ਕੁਲਵਿੰਦਰ ਸਿੰਘ ਤੇ ਅੰਜੂ ਕੌਰ ਦਰਮਿਆਨ ਝਗੜਾ ਹੋਇਆ ਅਤੇ ਕੁਲਵਿੰਦਰ ਸਿੰਘ ਨੇ ਟੋਕੇ ਨਾਲ ਅੰਜੂ ਕੌਰ ਦਾ ਗਲਾ ਕੱਟ ਕੇ ਉਸ ਦਾ ਕਤਲ ਕਰ ਦਿੱਤਾ। ਉਨ੍ਹਾ ਦੱਸਿਆ ਕਿ ਮੁੱਢਲੀ ਪੁੱਛਗਿੱਛ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਕਥਿਤ ਦੋਸ਼ੀ ਕੁਲਵਿੰਦਰ ਸਿੰਘ ਆਪਣੀ ਭੈਣ ਅੰਜੂ ਕੌਰ 'ਤੇ ਸ਼ੱਕ ਕਰਦਾ ਸੀ ਤੇ ਇਸੇ ਕਾਰਨ ਉਸ ਨੇ ਆਪਣੀ ਭੈਣ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਉਨ੍ਹਾ ਦੱਸਿਆ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਕਥਿਤ ਦੋਸ਼ੀ ਕੁਲਵਿੰਦਰ ਸਿੰਘ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

ਪੀਣ ਵਾਲੇ ਪਾਣੀ ਦੀ ਕਿੱਲਤ ਨਾਲ ਜੂਝ ਰਹੇ ਲੋਕਾਂ ਵੱਲੋਂ ਨਾਅਰੇਬਾਜ਼ੀ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸਥਾਨਕ ਕਸਬੇ ਦੀ ਦਲਿਤ ਬਸਤੀ 'ਚ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਵਾਸਤੇ ਲੱਗੀ ਸਰਕਾਰੀ ਮੋਟਰ ਪਿਛਲੇ ਦੋ ਸਾਲਾਂ ਤੋਂ ਖਰਾਬ ਹੋਣ ਕਾਰਨ ਅੱਕੇ ਲੋਕਾਂ ਨੇ ਸਥਾਨਕ ਗ੍ਰਾਮ ਪੰਚਾਇਤ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਪੰਜਾਬ ਸਰਕਾਰ ਤੋਂ ਇਹ ਮੁਸ਼ਕਲ ਤੁਰੰਤ ਹੱਲ ਕਰਨ ਦੀ ਮੰਗ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦਲਿਤ ਆਗੂ ਰਾਜ ਸਿੰਘ, ਮਨਜੀਤ ਸਿੰਘ ਨੇ ਦੱਸਿਆ ਕਿ 18 ਦੇ ਕਰੀਬ ਘਰਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਵਾਸਤੇ ਕਈ ਸਾਲ ਪਹਿਲਾਂ ਉਸ ਵੇਲੇ ਦੀ ਪੰਚਾਇਤ ਵੱਲੋਂ ਲਗਾਈ ਗਈ ਸਰਕਾਰੀ ਮੋਟਰ ਪਿਛਲੇ ਦੋ ਸਾਲਾਂ ਤੋਂ ਖਰਾਬ ਪਈ ਹੈ, ਜਿਸ ਕਾਰਨ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੇ ਰਹਿਣ ਵਾਲੇ ਲੋਕਾਂ ਦੀ ਕਮਜ਼ੋਰ ਆਰਥਿਕ ਹਾਲਤ ਕਾਰਨ ਉਹ ਖਰਚਾ ਕਰਕੇ ਵੱਖੋ-ਵੱਖ ਮੋਟਰਾਂ ਲਗਵਾਉਣ ਤੋਂ ਅਸਮਰੱਥ ਹਨ। ਹੁਣ ਲੋਕਾਂ ਵੱਲੋਂ ਸਰਕਾਰੀ ਟੂਟੀ ਆਉਣ 'ਤੇ ਪਾਣੀ ਭਰਿਆ ਜਾਂਦਾ ਹੈ, ਜਦੋਂ ਇਹ ਟੂਟੀ ਨਹੀਂ ਆਉਂਦੀ ਤਾਂ ਉਨ੍ਹਾਂ ਨੂੰ ਪਿਆਸੇ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਮੋਟਰ ਨੂੰ ਚਾਲੂ ਕਰਵਾਉਣ ਵਾਸਤੇ ਉਹ ਕਈ ਵਾਰ ਸਰਪੰਚ ਨੂੰ ਮਿਲ ਚੁੱਕੇ ਹਨ, ਪਰ ਲਾਰਿਆਂ ਤੋਂ ਸਿਵਾਏ ਕੁੱਝ ਪੱਲੇ ਨਹੀਂ ਪਿਆ। ਹੁਣ ਵੀ ਜਦੋਂ ਉਹ ਸਰਪੰਚ ਨੂੰ ਫੋਨ ਕਰਦੇ ਹਨ ਤਾਂ ਉਸ ਵੱਲੋਂ ਗ਼ਰੀਬ ਲੋਕਾਂ ਦਾ ਫੋਨ ਚੁੱਕਣ ਦੀ ਜ਼ਰੂਰਤ ਨਹੀਂ ਸਮਝੀ ਜਾਂਦੀ। ਸਥਾਨਕ ਲੋਕਾਂ 'ਚ ਸਰਪੰਚ ਦੇ ਇਸ ਦਲਿਤ ਵਿਰੋਧੀ ਰਵੱਈਏ ਵਿਰੁੱਧ ਰੋਸ ਹੈ। ਮਜ਼ਦੂਰ ਬੰਤ ਸਿੰਘ, ਸੁਖਦੀਪ ਸਿੰਘ, ਗੁਰਚਰਨ ਸਿੰਘ ਨੇ ਡਿਪਟੀ ਕਮਿਸ਼ਨਰ ਬਰਨਾਲਾ ਤੋਂ ਮੰਗ ਕੀਤੀ ਕਿ ਇਸ ਮੁਸ਼ਕਲ ਨੂੰ ਤੁਰੰਤ ਹੱਲ ਕੀਤਾ ਜਾਵੇ।

ਨੌਜਵਾਨ ਆਗੂ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਜਦੋਂ ਲੋਕਾਂ ਵੱਲੋਂ ਚੁਣੇ ਗਏ ਨੁਮਾਇੰਦੇ ਹੀ ਲੋਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਲੱਗ ਜਾਣ ਤਾਂ ਇਸ ਵਿਰੁੱਧ ਇਕਜੁੱਟ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ। ਉਨ੍ਹਾ ਸਮੂਹ ਲੋਕਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ। ਇਸ ਉਪਰੰਤ ਸਥਾਨਕ ਘਰਾਂ ਵੱਲੋਂ ਪੀਣ ਵਾਲੇ ਪਾਣੀ ਸਹੂਲਤ ਨੂੰ ਬਹਾਲ ਕਰਵਾਉਣ ਸਬੰਧੀ ਇਕ ਮੰਗ ਪੱਤਰ ਬੀ.ਡੀ.ਪੀ.ਓ. ਮਹਿਲ ਕਲਾਂ ਨੂੰ ਭੇਜਿਆ ਗਿਆ।

ਇਸ ਮੌਕੇ ਤਰਨਜੀਤ ਕੌਰ, ਰਮਨਪ੍ਰੀਤ ਕੌਰ, ਮਨਜੀਤ ਕੌਰ, ਨਿਰਮਲ ਸਿੰਘ, ਗੋਰਾ ਸਿੰਘ, ਕੁਲਵਿੰਦਰ ਸਿੰਘ, ਜੱਸਾ ਸਿੰਘ, ਨੇਕ ਸਿੰਘ, ਰਣਜੀਤ ਸਿੰਘ, ਜਗਤਾਰ ਸਿੰਘ ਤਾਰਾ, ਗੁਰਮੀਤ ਸਿੰਘ, ਗੁਰਜੰਟ ਸਿੰਘ ਆਦਿ ਹਾਜ਼ਰ ਸਨ।

ਕਾਤਰਾਂ

ਜਜੀਆ ਟੈਕਸ ਖਿਲਾਫ ਰੈਲੀ ਅੱਜ

ਜਲਾਲਾਬਾਦ (ਜੀਤ ਕੁਮਾਰ)-ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਫਾਜ਼ਿਲਕਾ ਦੇ ਜ਼ਿਲ੍ਹਾ ਪ੍ਰਧਾਨ ਹਰਭਜਨ ਸਿੰਘ ਖੁੰਗਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀ ਪੈਨਸ਼ਨ ਵਿੱਚੋਂ ਹਰ ਮਹੀਨੇ 200/- ਰੁਪਏ ਵਿਕਾਸ ਟੈਕਸ ਦੇ ਨਾਂਅ 'ਤੇ ਕੀਤੀ ਜਾਣ ਵਾਲੀ ਕਟੌਤੀ ਦਾ ਜਾਰੀ ਕੀਤਾ ਜੱਜੀਆ ਟੈਕਸ ਦਾ ਨੋਟੀਫਿਕੇਸ਼ਨ ਵਾਪਸ ਕਰਵਾਉਣ ਲਈ ਤੇ ਹੋਰ ਭੱਖਦੀਆਂ ਮੰਗਾਂ ਦੀ ਪ੍ਰਾਪਤੀ ਲਈ 28 ਜੂਨ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਾਜ਼ਿਲਕਾ ਅੱਗੇ ਰੋਹ ਭਰਪੂਰ ਰੈਲੀ ਕੀਤੀ ਜਾਏਗੀ।

50 ਗ੍ਰਾਮ ਹੈਰੋਇਨ ਸਣੇ ਪਤੀ-ਪਤਨੀ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਨੇ 50 ਗ੍ਰਾਮ ਹੈਰੋਇਨ ਸਣੇ ਪਤੀ-ਪਤਨੀ ਨੂੰ ਗ੍ਰਿਫ਼ਤਾਰ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐੱਸ. ਆਈ. ਰਵੀ ਕੁਮਾਰ ਤੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ, ਜੋ ਕਿ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਮੰਡੀ ਵੈਰੋਕੇ ਕੋਲ ਪੁੱਜੇ ਤਾਂ ਪਿੰਡ ਮਹਾਲਮ ਦੀ ਤਰਫੋਂ ਇੱਕ ਮੋਟਰਸਾਈਕਲ ਹੀਰੋ ਐੱਚ ਐੱਫ ਡੀਲਕਸ, ਜਿਸ ਨੂੰ ਇਕ ਨੌਜਵਾਨ ਵਿਅਕਤੀ ਚਲਾ ਰਿਹਾ ਸੀ ਤੇ ਉਸ ਦੇ ਪਿੱਛੇ ਇਕ ਔਰਤ ਬੈਠੀ ਸੀ। ਇਹ ਮੋਟਰਸਾਈਕਲ ਚਾਲਕ ਪੁਲਸ ਪਾਰਟੀ ਦੀ ਗੱਡੀ ਵੇਖ ਕੇ ਘਬਰਾ ਗਏ ਤੇ ਪਿੱਛੇ ਮੁੜਨ ਲੱਗੇ ਤਾਂ ਅਚਾਨਕ ਮੋਟਰਸਾਈਕਲ ਬੰਦ ਹੋ ਗਿਆ ਤੇ ਪਿੱਛੇ ਬੈਠੀ ਔਰਤ ਨੇ ਆਪਣੇ ਖੱਬੇ ਹੱਥ ਵਿੱਚ ਫੜਿਆ ਇਕ ਮੋਮੀ ਲਿਫਾਫਾ ਸੁੱਟ ਦਿੱਤਾ। ਪੁਲਸ ਪਾਰਟੀ ਨੇ ਸ਼ੱਕ ਦੇ ਅਧਾਰ 'ਤੇ ਇਸ ਲਿਫਾਫੇ ਦੀ ਚੈਕਿੰਗ ਕੀਤੀ ਗਈ ਤਾਂ ਉਸ ਵਿਚੋਂ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਦੀ ਪੁੱਛਗਿੱਛ ਦੌਰਾਨ ਜਗਸੀਰ ਸਿੰਘ ਉਰਫ ਬੌਬੂ ਪੁੱਤਰ ਮਲਕੀਤ ਸਿੰਘ ਪੁੱਤਰ ਮੁਨਸ਼ਾ ਸਿੰਘ ਤੇ ਆਰਜੂ ਰਾਣੀ ਪਤਨੀ ਜਗਸੀਰ ਸਿੰਘ ਵਾਸੀਆਨ ਚੱਕ ਬਲੋਚਾ ਉਰਫ ਮਹਾਲਮ ਵਜੋਂ ਪਹਿਚਾਣ ਹੋਈ।

ਵਕਫ਼ ਬੋਰਡ ਦੀ ਜ਼ਮੀਨ 'ਚੋਂ ਮਿੱਟੀ ਚੁੱਕਣ 'ਤੇ ਮਾਮਲਾ ਦਰਜ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਪੁਲਸ ਵੱਲੋਂ ਵਕਫ਼ ਬੋਰਡ ਦੀ ਜ਼ਮੀਨ 'ਚੋਂ ਗੈਰ-ਕਾਨੂੰਨੀ ਢੰਗ ਨਾਲ ਮਿੱਟੀ ਚੁੱਕਣ 'ਤੇ ਸੁਖਪਾਲ ਸਿੰਘ ਵਾਸੀ ਰਾਜਗੜ੍ਹ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਵਕਫ਼ ਬੋਰਡ ਦੇ ਅਧਿਕਾਰੀ ਨੇ ਮਾਛੀਵਾੜਾ ਪੁਲਸ ਥਾਣਾ 'ਚ ਸ਼ਿਕਾਇਤ ਦਰਜ ਕਰਵਾਈ ਕਿ ਉਨ੍ਹਾਂ ਦੀ ਇੱਕ ਜ਼ਮੀਨ ਰਾਜਗੜ੍ਹ ਵਿਖੇ ਸਥਿਤ ਹੈ, ਜਿਸ 'ਤੇ ਸੁਖਪਾਲ ਸਿੰਘ ਨੇ ਨਾਜਾਇਜ਼ ਤੌਰ 'ਤੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਨੂੰ ਜਾਣਕਾਰੀ ਮਿਲੀ ਕਿ ਸੁਖਪਾਲ ਸਿੰਘ ਗੈਰ-ਕਾਨੂੰਨੀ ਢੰਗ ਨਾਲ ਜ਼ਮੀਨ 'ਚੋਂ ਮਿੱਟੀ ਚੁੱਕ ਰਿਹਾ ਹੈ, ਜਿਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਪੁਲਸ ਵੱਲੋਂ ਸ਼ਿਕਾਇਤ ਦੇ ਅਧਾਰ 'ਤੇ ਸੁਖਪਾਲ ਸਿੰਘ ਖਿਲਾਫ਼ ਮਾਮਲਾ

page-6-28-(JUNE)-2023-G-(BV).qxd 6/27/2023 10:46 PM Page 1

ਪਿੰਡ ਗਹਿਰੀ ਦੇ ਸਰਕਾਰੀ ਰਾਸ਼ਨ ਡਿੱਪੂ ਦਾ ਅਚਨਚੇਤ ਨਿਰੀਖਣ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਜ਼ਿਲ੍ਹਾ ਤਰਨਤਾਰਨ ਦੇ ਸਰਹੱਦੀ ਖੇਤਰ ਸਰਾਏ ਅਮਾਨਤ ਖਾਂ ਦੇ ਪਿੰਡ ਗਹਿਰੀ ਦੇ ਸਰਕਾਰੀ ਰਾਸ਼ਨ ਡਿਪੂ 'ਤੇ ਵੰਡੀ ਜਾ ਰਹੀ ਕਣਕ ਦਾ ਅਚਨਚੇਤ ਨਿਰੀਖਣ ਕੀਤਾ। ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਰਮਿੰਦਰ ਸਿੰਘ ਬਾਠ ਅਤੇ ਫੂਡ ਇੰਸਪੈਕਟਰ ਹਾਜ਼ਰ ਸਨ। ਸ਼੍ਰੀ ਵਿਜੇ ਦੱਤ ਨੇ ਡਿਪੂ ਹੋਲਡਰ ਨੂੰ ਹਦਾਇਤ ਕੀਤੀ ਕਿ ਅਨਾਜ ਦੀ ਵੰਡ ਵਿੱਚ ਸਰਕਾਰ ਦੀਆਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡਿੱਪੂਆਂ 'ਤੇ ਸਰਕਾਰੀ ਸਕੀਮਾਂ ਸਬੰਧੀ ਸ਼ਿਕਾਇਤ ਬਕਸੇ, ਸੁਝਾਅ ਬਾਕਸ ਅਤੇ ਜਾਗਰੂਕਤਾ ਬੈਨਰ ਲਗਾਏ ਜਾਣ।

ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਤਰਨ ਤਾਰਨ ਨੇ ਕਮਿਸ਼ਨ ਮੈਂਬਰ ਨੂੰ ਦੱਸਿਆ ਕਿ ਹੁਣ ਤੱਕ ਜ਼ਿਲ੍ਹਾ ਤਰਨਤਾਰਨ ਵਿੱਚ 70 ਫੀਸਦੀ ਕਣਕ ਵੰਡੀ ਜਾ ਚੁੱਕੀ ਹੈ। ਸਰਕਾਰ ਵੱਲੋਂ ਕਣਕ ਦੀ ਵੰਡ ਵਿੱਚ ਦੇਰੀ ਅਤੇ ਹੁਣ ਭਾਰੀ ਬਰਸਾਤ ਕਾਰਨ ਕਈ ਰਾਸ਼ਨ ਡਿੱਪੂਆਂ ਵਿੱਚ ਕਣਕ ਦੀ ਵੰਡ ਨਹੀਂ ਹੋ ਸਕੀ ਅਤੇ ਕਈ ਥਾਵਾਂ 'ਤੇ ਬਰਸਾਤੀ ਪਾਣੀ ਕਾਰਨ ਕਣਕ ਵੀ ਗਿੱਲੀ ਹੋ ਗਈ ਹੈ, ਜਿਸ ਕਾਰਨ ਅਧਿਕਾਰੀਆਂ ਨੇ ਕਮਿਸ਼ਨ ਦੇ ਮੈਂਬਰ ਤੋਂ ਮੰਗ ਕੀਤੀ ਕਿ ਇਸ ਵਿੱਚ ਵਾਧਾ ਕੀਤਾ ਜਾਵੇ ਕਿਉਂਕਿ ਕਣਕ ਵੰਡਣ ਦੀ ਆਖਰੀ ਮਿਤੀ 30 ਜੂਨ ਹੈ। ਕਮਿਸ਼ਨ ਨੇ ਭਰੋਸਾ ਦਿੱਤਾ ਕਿ ਇਸ ਮਾਮਲੇ ਬਾਰੇ ਸਰਕਾਰ ਨੂੰ ਜਾਣੂ ਕਰਵਾਇਆ ਜਾਵੇਗਾ।

ਬਾਇਓਮੀਟ੍ਰਿਕ ਮਸ਼ੀਨਾਂ ਦੀ ਘਾਟ ਕਾਰਨ ਕਣਕ ਦੀ ਵੰਡ ਵਿੱਚ ਹੋ ਰਹੀ ਦੇਰੀ ਦੇ ਮਾਮਲੇ ਬਾਰੇ ਕਮਿਸ਼ਨ ਦੇ ਮੈਂਬਰ ਨੇ ਦੱਸਿਆ ਕਿ ਇਸ ਸਮੱਸਿਆ ਨੂੰ ਜਲਦੀ ਹੱਲ ਕਰ ਲਿਆ ਜਾਵੇਗਾ। ਫੂਡ ਕਮਿਸ਼ਨ ਦੀਆਂ ਰਿਪੋਰਟਾਂ ਤੋਂ ਬਾਅਦ ਪੰਜਾਬ ਸਰਕਾਰ ਨੇ ਇੱਕ ਟੈਂਡਰ ਜਾਰੀ ਕੀਤਾ ਹੈ, ਜਿਸ ਦੇ ਮੁਕੰਮਲ ਹੋਣ ਤੋਂ ਬਾਅਦ ਹਰ ਡਿੱਪੂ ਵਿੱਚ ਬਾਇਓਮੈਟ੍ਰਿਕ ਮਸ਼ੀਨ ਉਪਲੱਬਧ ਹੋਵੇਗੀ ਅਤੇ ਇਲੈਕਟ੍ਰਾਨਿਕ ਤੋਲਣ ਵਾਲੀ ਮਸ਼ੀਨ ਵੀ ਉਪਲੱਬਧ ਕਰਵਾਈ ਜਾਵੇਗੀ।

ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ

ਫ਼ਤਿਹਗੜ੍ਹ ਚੂੜੀਆਂ (ਜਸਦੇਵ ਮਾਨ)-ਬੀਤੀ 25 ਜੂਨ ਨੂੰ ਡੇਰਾ ਬਾਬਾ ਨਾਨਕ ਰੋਡ ਫਤਿਹਗੜ੍ਹ ਚੂੜੀਆਂ ਵਿਖੇ ਗੁਰਇਕਬਾਲ ਸਿੰਘ ਦੇ ਖੇਤਾਂ ਦੇ ਰਸਤੇ ਵਿਚੋਂ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਹੈ ਜਿਸਦੀ ਸੂਚਨਾ ਥਾਣਾ ਫ਼ਤਿਹਗੜ੍ਹ ਚੂੜੀਆਂ ਦੀ ਪੁਲਸ ਨੂੰ ਮਿਲਣ 'ਤੇ ਮੌਕੇ ਉਪਰ ਜਾ ਕੇ ਪੁਲਸ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਐੱਸ. ਐੱਚ. ਓ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਲਾਸ਼ ਨੂੰ ਬਟਾਲਾ ਸਿਵਲ ਹਸਪਤਾਲ ਵਿਖੇ 72 ਘੰਟਿਆਂ ਲਈ ਪੋਸਟਮਾਰਟਮ ਅਤੇ ਸ਼ਨਾਖਤ ਲਈ ਭੇਜ ਦਿੱਤਾ ਗਿਆ ਹੈ।

ਪੂਰੇ ਨਾਂਅ ਨਾਲ ਜਾਣੀ ਜਾਵੇਗੀ ਗੁਰੂ ਅੰਗਦ ਦੇਵ ਵੈਟਰਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਧਿਕਾਰਤ ਤੌਰ 'ਤੇ ਕੀਤੇ ਜਾਣ ਵਾਲੇ ਸੰਚਾਰ ਜਾਂ ਹੋਰ ਪੱਤਰ ਵਿਹਾਰ ਲਈ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ ਨੂੰ ਹਮੇਸ਼ਾ ਇਸ ਦੇ ਪੂਰੇ ਨਾਂਅ ਨਾਲ ਹੀ ਦਰਜ ਕੀਤਾ ਜਾਵੇ। ਦੂਜੇ ਸਿੱਖ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਨਾਂਅ 'ਤੇ ਸਥਾਪਤ ਇਸ ਯੂਨੀਵਰਸਿਟੀ ਲਈ ਸੰਖੇਪ ਨਾਂਅ ਦੀ ਵਰਤੋਂ ਕਰਨ ਦੇ ਰੁਝਾਨ ਦਾ ਸਖਤ ਨੋਟਿਸ ਲੈਂਦਿਆਂ ਖੁੱਡੀਆਂ ਨੇ ਇਸ ਸੰਬੰਧੀ ਪ੍ਰਮੁੱਖ ਸਕੱਤਰ ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਅਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਪੱਤਰ ਲਿਖਿਆ ਹੈ। ਉਨ੍ਹਾ ਪ੍ਰਮੁੱਖ ਸਕੱਤਰ ਵਿਕਾਸ ਪ੍ਰਤਾਪ ਅਤੇ ਵਾਈਸ ਚਾਂਸਲਰ ਡਾ. ਇੰਦਰਜੀਤ ਸਿੰਘ ਨੂੰ ਕਿਹਾ ਕਿ ਇਸ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਹੁਣ ਤੋਂ ਕੋਈ ਵੀ ਵਿਅਕਤੀ ਲਿਖਤੀ ਜਾਂ ਜ਼ਬਾਨੀ ਤੌਰ 'ਤੇ ਅਧਿਕਾਰਤ ਸੰਚਾਰ ਜਾਂ ਹੋਰ ਪੱਤਰ ਵਿਹਾਰ ਲਈ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੇ ਸੰਖੇਪ ਨਾਂਅ ਦੀ ਵਰਤੋਂ ਨਹੀਂ ਕਰੇਗਾ।

ਕੈਬਿਨਟ ਮੰਤਰੀ ਨੇ ਪ੍ਰਮੁੱਖ ਸਕੱਤਰ ਅਤੇ ਵੀ ਸੀ ਨੂੰ ਕਿਹਾ ਕਿ ਇਨ੍ਹਾਂ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਹਰ ਪੱਧਰ 'ਤੇ ਯਕੀਨੀ ਬਣਾਇਆ ਜਾਵੇ।

Change of Name

I, Geeta W/o Anil Anand R/o Plot No. 10, Block No. 22, Improvement Trust Colony Scheme No. 7, Gurdaspur, have changed my name from Geeta to Geeta Bhatia. Concerned please note.

I, Rajiv Bedi S/o Kashmiri Lal R/o 263/19, Jhulna Mahal, Opp Bawa Lal Ji Temple, Gurdaspur, Tehsil/Distt. Gurdaspur, Punjab-143521, have changed my name to Rajiv.

I, Manjinder Singh S/o Karnial Singh R/o Vill. Jhanda Labana, Tehsil/Distt. Gurdaspur, Punjab, have changed my name to Maninder Singh.

Lost & Found

It is notified for the information that my Plot Registery Sale Deed 02-12-2002 having Document No. 3069, Executed by Rajinder Kumar S/o Barij Lal favour of Krishan Kumar S/o Saju Ram R/o Trimo Road Gurdaspur, Regarding Plot measuring 8 Marle situated Vill. Nabipur, Gurdaspur, Hardbast No. 339, Khasra No. 38 R/25 (7-16) and 45 R=5, Tehsil and Distt. Gurdaspur, Actually Lost at Bus Stand Gurdaspur, Lost Date of 07.06.2023, Report Date 26.06.2023 LR N: 355258/2023, Candidate name Hrithik Verma S/o Naresh Verma R/o H.No. 2/16 Scheme No. 1 Batala Road Improvement Trust Colony Gurdaspur. Tehsil/Distt. Gurdaspur . 8517000056

PUBLIC NOTICE

That I kulwinder Singh S/o Balvir Singh r/o VPO Nangal kalan, Tehsil Garhshankar, District Hoshiarpur Punjab And passport no. H-1818969 and in my Passport my fatherÓs Name has been written as BALBIR SINGH which is incorrect and in my Aadhar card and other necessary documents my fatherÓs Name has been written as BALVIR SINGH which is true and correct name. My fatherÓs name may be read as BALVIR SINGH.

I, Harjinder Kaur W/o Amarjit Singh R/o VPO Chawinda Devi, Tehsil Majitha, Distt. Amritsar, Punjab declare that my husband's known by two names Amarjeet Singh and Amarjit Singh. Amarjeet Singh and Amarjit Singh is one and the same person. (R)

I, Harjinder Kaur W/o Amarjit Singh R/o VPO Chawinda Devi, Tehsil Majitha, Distt. Amritsar, Punjab declare that my mother's known by two names Balbir Kaur and Balwir Kaur. Balbir Kaur and Balwir Kaur is one and the same person. (R)

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਬਲਕਾਰ ਸਿੰਘ ਸਬ ਰਜਿਸਟਰਾਰ, ਬੁਢਲਾਡਾ, ਜ਼ਿਲ੍ਹਾ ਮਾਨਸਾ।

ਵਿਸ਼ਾ : ਖਾਰਗੀ ਵਸੀਅਤ ਨਸੀਬ ਕੌਰ ਪੁੱਤਰੀ ਕਰਤਾਰ ਸਿੰਘ (ਪਤਨੀ ਗੁਰਚਰਨ ਸਿੰਘ) ਵਾਸੀ ਕੁਲੈਹਰੀ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਰਜਿਸਟਰਡ ਕਰਨ ਬਾਰੇ।

ਨੋਟਿਸ ਬਨਾਮ-ਆਮ ਜਨਤਾ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਵਿੱਚ ਸ੍ਰੀ ਸਰਬਜੀਤ ਸਿੰਘ ਪੁੱਤਰ ਨਸੀਬ ਕੌਰ ਪਤਨੀ ਗੁਰਚਰਨ ਸਿੰਘ ਵਾਸੀ ਕੁਲੈਹਰੀ, ਤਹਿ: ਬੁਢਲਾਡਾ ਨੇ ਇੱਕ ਦਰਖਾਸਤ ਪੇਸ਼ ਕੀਤੀ ਹੈ ਕਿ ਮੇਰੀ ਮਾਤਾ ਨਸੀਬ ਕੌਰ ਪੁੱਤਰੀ ਕਰਤਾਰ ਸਿੰਘ (ਪਤਨੀ ਗੁਰਚਰਨ ਸਿੰਘ) ਪਿੰਡ ਕੁਲੈਹਰੀ, ਤਹਿ: ਬੁਢਲਾਡਾ ਨੇ ਮਿਤੀ 20.12.2020 ਨੂੰ ਇੱਕ ਖਾਨਗੀ ਵਸੀਅਤ ਬਾਹੱਕ ਸਰਬਜੀਤ ਸਿੰਘ ਪੁੱਤਰ ਗੁਰਚਰਨ ਸਿੰਘ ਪਿੰਡ ਕੁਲੈਹਰੀ, ਤਹਿ: ਬੁਢਲਾਡਾ ਦੇ ਹੱਕ ਵਿੱਚ ਤਹਿਰੀਰ ਕਰਵਾਈ ਸੀ। ਵਸੀਅਤ ਕੁਨਿੰਦਾ ਦੀ ਮਿਤੀ 22.5.2021 ਨੂੰ ਮੌਤ ਹੋ ਚੁੱਕੀ ਹੈ। ਉਹ ਇਸ ਵਸੀਅਤ ਖਾਨਗੀ ਨੂੰ ਰਜਿਸਟਰਡ ਕਰਵਾਉਣਾ ਚਾਹੁੰਦਾ ਹੈ। ਇਸ ਲਈ ਖਾਨਗੀ ਵਸੀਅਤ ਦੇ ਰਜਿਸਟਰਡ ਹੋਣ ਬਾਰੇ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਛਪਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਆਪਣਾ ਉਜਰ ਇਸ ਦਫਤਰ ਵਿੱਚ ਪੇਸ਼ ਕਰ ਸਕਦਾ ਹੈ। ਬਾਅਦ ਗੁਜਰਨੇ ਮਿਆਦ ਕੋਈ ਉਜਰ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਵਸੀਅਤ ਖਾਨਗੀ ਨਿਯਮਾਂ ਅਨੁਸਾਰ ਰਜਿਸਟਰਡ ਕਰ ਦਿੱਤੀ ਜਾਵੇਗੀ।

ਇਹ ਇਸ਼ਤਿਹਾਰ ਜ਼ੇਰ ਧਾਰਾ 40-41 ਆਫ ਰਜਿਸਟਰੇਸ਼ਨ ਐਕਟ ਅਧੀਨ ਅੱਜ ਮਿਤੀ 26.6.2023 ਨੂੰ ਮੇਰੇ ਦਸਤਖਤਾਂ ਅਤੇ ਦਫਤਰੀ ਮੋਹਰ ਹੇਠ ਜਾਰੀ ਕੀਤਾ ਗਿਆ।

ਸਬ-ਰਜਿਸਟਰਾਰ, ਬੁਢਲਾਡਾ।

Change of Name

I, Gurdip Singh S/o Kewal Ram R/o H.No.999, Ram Dasspura, Boota Mandi, Jalandhar-144003, Punjab have changed my name from Gurdip Singh to Gurdeep Singh. All concerned please note.

I, Shambu Datt Sharma S/o Ram Chand R/o H.No.442, Gali no.5, Guru Nanak Pura East, Po. Chogitti, Jalandhar-144009, Punjab have changed my name/spelling to Shambu Dutt Sharma. (Same Person). All concerned please note.

I, Sheela Devi W/o Shambu Dutt Sharma R/o H. No. 442, Gali no. 5, Guru Nanak Pura East, Po. Chogitti, Jalandhar-144009 have changed my name from Sheela Devi to Durgi Devi. (Same Person). All concerned please note.

I, Jalandhar W/o Shambu Dutt Sharma R/o H.No. 442, Gali no.5 Guru Nanak Pura East, Po. Chogitti, Jalandhar-144009, Punjab have changed my name from Jalandhar to Durgi Devi. All concerned please note.

I, Anil Sharma S/o Shambu Dutt Sharma R/o H.No. 442, Gali no.5, Guru Nanak Pura East, Po. Chogitti, Jalandhar-144009, Punjab have changed my name from Anil Sharma to Sharma Anil. (Surname as Sharma). All concerned please note.

I, Simranpreet Kaur W/o Varinder Partap Singh Jaura R/o H.No.65, Lane No.2, New GTB Nagar, Near Rabindra Day Boarding School, Jalandhar-144003, Punjab, India have added surname in my name from Simranpreet Kaur to Simranpreet Kaur Jaura, After Marriage.

I, Gagandeep Kaur W/o Kanwar Naunihal Singh Jaura R/o H.No.65, Lane No.2, New GTB Nagar, Near Rabindra Day Boarding School, Jalandhar-144003, Punjab, India have added surname in my name from Gagandeep Kaur to Gagandeep Kaur Jaura, After Marriage.

I, Kailash Rani w/o Baldev Raj r/o H.No. 01-A, Street No. 06, Khera Road, Dev Puri, Prem Nagar, Phagwara, Distt.Kapurthala, Punjab have changed my name Kailash Rani To Kailash Kumari. All concerned please note.

I, hitherto Known as Rishma W/o Akshay Kumar R/o N.K. 253, Charanjeetpura, Jalandhar-144001, Punjab have changed the name of my minor daughter Mehak Age 17 Years and She shall hereafter be known as Mehak Mahajan.

I, Paramjit Kaur W/o Rajinder Singh R/o Vill. Mehandipur, Po. Abdulapur, Tehsil Mukerian, Distt.Hoshiarpur Have Changed My Name From Parmjeet Kaur To Paramjit Kaur. All concerned please note.

I Joginder Paul S/o Hari Singh, R/o Vill. Mehmuwal Mahlan, Tehsil Shahkot Distt. Jalandhar (Punjab) have Changed my name Joginder Pal to Joginder Singh, Concerned May Note.

ਦਫਤਰ : ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਲੌਰ

ਨੋਟਿਸ

ਵਿਸ਼ਾ-ਦੀ ਢੰਡਵਾੜ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ: ਢੰਡਵਾੜ ਦੀ ਚੋਣ ਕਰਵਾਉਣ ਲਈ ਜ਼ੋਨ ਪ੍ਰਵਾਨ ਕਰਨ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਢੰਡਵਾੜ ਸਹਿਕਾਰੀ ਖੇਤੀਬਾੜੀ ਬਹੁ-ਮੰਤਵੀ ਸੇਵਾ ਸਭਾ ਲਿਮ: ਢੰਡਵਾੜ ਦੀ ਚੋਣ ਕਰਵਾਉਣ ਲਈ ਪਿੰਡਵਾਰ ਜ਼ੋਨ ਪ੍ਰਵਾਨ ਕਰਨ ਹਿੱਤ ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਲੌਰ ਵਿਖੇ ਪ੍ਰਾਪਤ ਹੋਏ ਹਨ। ਇਸ ਨੋਟਿਸ ਰਾਹੀਂ ਲਿਖਿਆ ਜਾਂਦਾ ਹੈ ਕਿ ਜੇਕਰ ਸਭਾ ਦਾ ਕੋਈ ਵੀ ਮੈਂਬਰ ਜ਼ੋਨ ਵੇਖਣਾ ਚਾਹੁੰਦਾ ਹੈ ਤਾਂ ਉਹ ਸਭਾ ਦੇ ਦਫਤਰ ਜਾਂ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਲੌਰ ਦੇ ਦਫਤਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਆ ਕੇ ਵੇਖ ਸਕਦਾ ਹੈ। ਸਕੱਤਰ ਸਭਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਜ਼ੋਨਾਂ ਦੀ ਬਣਤਰ ਸੰਬੰਧੀ ਸਭਾ ਦੇ ਮੈਂਬਰਾਂ ਨੂੰ ਮੁਨਿਆਦੀ/ਰਜਿਸਟਰਡ ਪੱਤਰਾਂ ਰਾਹੀਂ ਜਾਂ ਲਾਊਡ ਸਪੀਕਰਾਂ ਰਾਹੀਂ ਸੂਚਿਤ ਕੀਤਾ ਜਾਵੇ, ਜੇਕਰ ਇਹਨਾਂ ਜ਼ੋਨਾਂ ਦੀ ਬਣਤਰ ਸੰਬੰਧੀ ਕਿਸੇ ਵੀ ਮੈਂਬਰ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਮਿਤੀ 7.7.2023 ਦੁਪਹਿਰ ਤੋਂ ਪਹਿਲਾਂ 10.00 ਵਜੇ ਤੱਕ ਨਿਮਨ ਹਸਤਾਖਰ ਦੇ ਦਫਤਰ ਵਿਖੇ ਦੇ ਸਕਦਾ ਹੈ। ਇਸ ਤੋਂ ਬਾਅਦ ਕੋਈ ਵੀ ਇਤਰਾਜ਼ ਦਫਤਰ ਦਾਖਲ ਨਹੀਂ ਕੀਤਾ ਜਾਵੇਗਾ। ਇਹਨਾਂ ਇਤਰਾਜ਼ਾਂ ਦੀ ਸੁਣਵਾਈ ਮਿਤੀ 7.7.2023 ਨੂੰ ਬਾਅਦ ਦੁਪਹਿਰ 1.00 ਵਜੇ ਕੀਤੀ ਜਾਵੇਗੀ। ਇਸ ਉਪਰੰਤ ਜ਼ੋਨਾਂ ਦੀ ਪ੍ਰਵਾਨਗੀ ਦਿੱਤੀ ਜਾਵੇਗੀ। ਉਪਰੋਕਤ ਕਾਨੂੰਨੀ ਨੋਟਿਸ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ 1961 ਦੀ ਧਾਰਾ 26 (1-ੲੇ) ਅਤੇ ਅੰਤਿਕਾ -ਸੀ ਅਧੀਨ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਅੱਜ ਮਿਤੀ 16.6.2023 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਧੀਨ ਜਾਰੀ ਕੀਤਾ ਗਿਆ।

(ਰੋਹਿਤ ਕੁਮਾਰ ਰਤਨ)
ਪੀ ਸੀ ਐੱਸ-2
(ਵਾਧੂ ਚਾਰਜ) ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਫਿਲੌਰ, ਅਧਿਕਾਰ ਵਰਤੋਂ ਰ.ਸ.ਸ ਪੰਜਾਬ, ਚੰਡੀਗੜ੍ਹ
ਨੰ: ਰ.ਕ/ਸ.ਰ.ਫਿ/657/ਮਿਤੀ : 16.6.2023

AXIS BANK
Retail Asset Centre: AXIS Bank Ltd, SCO 367-368, SECTOR – 34A, Chandigarh, 160022
Corporate Office: 3rd Floor, Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Opposite Samartheswar Temple, Law Garden, Ellisbridge, Ahmedabad-380006.

ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਊਰਟਾਈਜ਼ੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈਟਸ ਐਂਡ ਇਨਫੋਰਸਮੈਂਟ ਆਫ ਸਿਕਿਊਰਟੀ ਇੰਟਰੈੱਸਟ ਐਕਟ 2002 ਅਤੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ

28-JUNE-PAGE-7.qxd 6/27/2023 9:26 PM Page 1

ਐੱਨ ਆਰ ਆਈ ਦੀ ਕੋਠੀ 'ਤੇ ਕਬਜ਼ਾ ਕਰਨ ਵਾਲਿਆਂ ਖਿਲਾਫ਼ ਕਾਰਵਾਈ ਲਈ ਚਿਤਾਵਨੀ ਰੈਲੀ

ਜਗਰਾਉਂ (ਸੰਜੀਵ ਅਰੋੜਾ)

ਐਨ. ਆਰ. ਆਈ. ਜਾਇਦਾਦ ਬਚਾਓ ਐਕਸ਼ਨ ਕਮੇਟੀ ਦੇ ਸੱਦੇ 'ਤੇ ਸੱਤਾਧਾਰੀ ਜਾਅਲਸਾਜ਼ੀ ਗਿਰੋਹ ਉਪਰ ਸਖ਼ਤ ਕਾਰਵਾਈ ਕਰਾਉਣ ਲਈ ਚਿਤਾਵਨੀ ਰੈਲੀ ਕਰਨ ਉਪਰੰਤ ਐਸ.ਐਸ.ਪੀ. ਦਫ਼ਤਰ ਤੱਕ ਰੋਹ ਭਰਪੂਰ ਮੁਜ਼ਾਹਰਾ ਕਰਕੇ ਉੱਚ ਪੁਲਸ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪਿਆ ਗਿਆ।

ਇਕੱਠ ਨੂੰ ਸੰਬੋਧਨ ਕਰਦੇ ਨਿਰਭੈ ਸਿੰਘ ਢੁੱਡੀਕੇ, ਮਨਜੀਤ ਸਿੰਘ ਧਨੇਰ, ਬਲਰਾਜ ਸਿੰਘ ਕੋਟਉਮਰਾ, ਅਵਤਾਰ ਸਿੰਘ ਰਸੂਲਪੁਰ, ਕੰਵਲਜੀਤ ਖੰਨਾ, ਸੁਖਦੇਵ ਸਿੰਘ ਭੂੰਦੜੀ, ਚਮਕੌਰ ਸਿੰਘ ਬਰਮੀ, ਗੁਰਮੇਲ ਸਿੰਘ ਰੂਮੀ, ਜਸਦੇਵ ਸਿੰਘ ਲਲਤੋਂ, ਜਸਵੀਰ ਸਿੰਘ ਝੱਜ, ਹਰਦੇਵ ਸਿੰਘ ਸੰਧੂ, ਕਰਮਜੀਤ ਮਾਣੂੰਕੇ, ਕਾਮਰੇਡ ਰਾਵਿੰਦਰਪਾਲ ਰਾਜੂ, ਸਤਿਨਾਮ ਸਿੰਘ ਮੋਰਕਰੀਮਾਂ, ਗੁਰਮੇਲ ਸਿੰਘ ਮੈਲਡੇ, ਜਗਦੀਸ਼ ਸਿੰਘ ਕਾਉਂਕੇ, ਇੰਦਰਜੀਤ ਸਿੰਘ ਧਾਲੀਵਾਲ, ਹਰਨੇਕ ਸਿੰਘ ਗੁਜਰਵਾਲ, ਰਾਮ ਸ਼ਰਨ ਸਿੰਘ ਤੇ ਬਲਦੇਵ ਸਿੰਘ ਰਸੂਲਪੁਰ ਨੇ ਸੰਬੋਧਨ ਕਰਦਿਆਂ ਕੋਠੀ 'ਤੇ ਕਬਜ਼ਾ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕੋਠੀ 'ਤੇ ਕਬਜ਼ਾ ਕਰਨ ਵਾਲੇ ਵਿਅਕਤੀਆਂ 'ਤੇ ਸਾਜ਼ਿਸ਼ ਰਚਣ, ਧੋਖਾਧੜੀ ਕਰਕੇ ਕੋਠੀ 'ਤੇ ਕਬਜ਼ਾ ਕਰਨ ਦਾ ਪਰਚਾ ਦਰਜ ਕੀਤਾ ਜਾਵੇ ਤੇ ਅਸਲੀ ਮਾਲਕ ਅਮਰਜੀਤ ਕੌਰ ਦੀ ਕੋਠੀ 'ਚੋਂ ਚੋਰੀ ਹੋਇਆ ਸਮਾਨ ਵਾਪਸ ਦਿਵਾਇਆ ਜਾਵੇ ਅਤੇ ਦੋਸ਼ੀਆਂ ਉਪਰ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਐਨ. ਆਰ. ਆਈ. ਦੀ ਕੋਠੀ 'ਤੇ ਕਬਜ਼ਾ ਕਰਕੇ ਦਿਨਾਂ 'ਚ ਹੀ ਇਤਕਾਲ ਅਤੇ ਕਰਮ ਸਿੰਘ ਨੂੰ ਰਜਿਸਟਰੀ ਕਰਾ ਦਿੱਤੀ ਅਤੇ ਅਸ਼ੋਕ ਕੁਮਾਰ 'ਤੇ ਪਰਚਾ ਦਰਜ ਕਰਾ ਕੇ ਆਪਣਾ ਬਚਾਅ ਕਰ ਲਿਆ। ਇਸ ਮੌਕੇ ਇਕੱਤਰਤਾ ਨੇ ਦਿੱਲੀ ਕਿਸਾਨ ਮੋਰਚੇ ਦੇ ਸੰਘਰਸ਼ਸ਼ੀਲ ਵਰਕਰ ਜਰਨੈਲ ਸਿੰਘ ਪੋਨਾ ਦੇ ਬੇਵਕਤ ਵਿਛੋੜੇ 'ਤੇ ਹੱਥ ਖੜੇ ਕਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਸਲਾਈਟ 'ਵਰਸਿਟੀ ਦੇ ਸੇਵਾਮੁਕਤ ਕਰਮਚਾਰੀਆਂ ਦੇ ਪੈਨਸ਼ਨ ਬਾਝੋਂ ਮੰਦੜੇ ਹਾਲ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਭਾਰਤ ਸਰਕਾਰ ਵੱਲੋਂ ਸਥਾਪਿਤ ਸੰਤ ਹਰਚੰਦ ਸਿੰਘ ਲੌਂਗੋਂਵਾਲ ਦੀ ਸ਼ਹਾਦਤ ਨੂੰ ਸਮਰਪਤ ਆਲਮੀ ਪੱਧਰ ਦੀ ਤਕਨੀਕੀ ਖੁਦ ਮੁਖਤਿਆਰ ਸੰਸਥਾ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਤੇ ਤਕਨਾਲੋਜੀ (ਡੀਮਡ ਯੂਨੀਵਰਸਿਟੀ) ਦੇ ਸੇਵਾਮੁਕਤ ਕੁਮਚਾਰੀਆਂ ਬੇਹੱਦ ਮੰਦੜੇ ਹਾਲਤਾਂ ਵਿੱਚ ਜੀਵਨ ਬਸਰ ਕਰ ਰਹੇ ਹਨ। ਸੇਵਾਮੁਕਤੀ ਮੌਕੇ ਮਿਲੀ ਰਾਸ਼ੀ ਨਾਲ ਘਰ ਬਣਾ ਬੈਠੇ 60 ਸਾਲ ਤੋਂ ਟੱਪੇ ਕੁਮਚਾਰੀਆਂ ਲਈ ਆਪਣੇ ਪਰਵਾਰਾਂ ਦਾ ਪਾਲਣ ਪੋਸ਼ਣ ਕਰਨਾ ਤਾਂ ਔਖਾ ਹੋਇਆ ਪਿਆ ਹੀ ਹੈ, ਉਥੇ ਬੁਢਾਪੇ ਦੀਆਂ ਬਿਮਾਰੀਆਂ ਨਾਲ ਜੂਝਦੇ ਕੋਈ ਕੰਮ ਕਰਨ ਤੋਂ ਵੀ ਅਸਮਰਥ ਹਨ। ਭਾਰਤ ਸਰਕਾਰ ਤੋਂ ਮੰਗ ਕਰਦਿਆਂ ਸਲਾਈਟ ਇੰਪਲਾਈਜ ਵੈਲਫੇਅਰ ਐਸੋਸੀਏਸਨ ਦੇ ਪ੍ਰਧਾਨ ਜੁਝਾਰ ਲੌਂਗੋਂਵਾਲ ਤੇ ਸਕੱਤਰ ਜਗਦੀਸ਼ ਚੰਦ ਨੇ ਸਲਾਈਟ ਡੀਮਡ ਯੂਨੀਵਰਸਿਟੀ ਦੇ ਸੇਵਾਮੁਕਤ ਤੇ ਨੇੜ ਭਵਿੱਖ ਵਿੱਚ ਰਿਟਾਇਰ ਹੋਣ ਵਾਲੇ ਕੁਮਚਾਰੀਆਂ 'ਤੇ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ 1990 ਵਿੱਚ ਸੰਸਥਾ ਦੀ ਸਥਾਪਨਾ ਸਮੇਂ ਸੀ ਪੀ ਐਫ ਕਟੌਤੀ ਦੀ ਸਕੀਮ ਸਰਕਾਰ ਨੇ ਖਤਮ ਕਰ ਦਿੱਤੀ ਸੀ, ਪਰ ਸਾਡੇ 'ਤੇ ਇਹ ਲਾਗੂ ਕਰਕੇ ਸੰਵਿਧਾਨਕ ਗਲਤੀ ਕੀਤੀ ਗਈ, ਜੋ ਮੁਲਾਜ਼ਮਾਂ ਨਾਲ ਬੇਇਨਸਾਫ਼ੀ ਹੋਈ ਹੈ, ਜਦੋਂ ਕਿ ਐਨ ਆਈ ਟੀ ਵਰਗੀਆਂ ਸੰਸਥਾਵਾਂ ਦੇ ਕੁਮਚਾਰੀ ਪੈਨਸ਼ਨ ਦਾ ਲਾਭ ਲੈ ਰਹੇ ਹਨ। ਇਸ ਵਿਤਕਰੇ ਲਈ ਉੱਚ ਸਿੱਖਿਆ ਮੰਤਰਾਲੇ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਲਿਖਤੀ ਬੇਨਤੀ ਕੀਤੀ ਜਾ ਚੁੱਕੀ ਹੈ। ਜਲਦੀ ਹੀ ਇਸ ਬਾਬਤ ਇਨਸਾਫ਼ ਲੈਣ ਲਈ ਰਣਨੀਤੀ ਉਲੀਕੀ ਜਾਵੇਗੀ। ਇਸ ਮੌਕੇ ਮੀਤ ਪ੍ਰਧਾਨ ਨਵਦੀਪ ਗਰਗ, ਖ਼ਜ਼ਾਨਚੀ ਰਾਮ ਕਰਨ ਤੋਂ ਇਲਾਵਾ ਕਾਰਜਕਾਰੀ ਮੈਂਬਰ ਸੁਲੱਖਣ ਸਿੰਘ, ਤਿਲਕ ਰਾਜ ਗੁਲੇਰੀਆ, ਗੁਰਜੀਤ ਸਿੰਘ, ਵਿਪਨ ਕੁਮਾਰ ਤੇ ਲਕਸ਼ਮੀ ਨਾਰਾਇਣ ਸਿੰਘ ਹਾਜ਼ਰ ਸਨ।

ਭਾਰਤੀ ਖੁਫੀਆ ਏਜੰਸੀਆਂ ਸਿੱਖ ਆਗੂਆਂ ਦੇ ਕਤਲ ਦੀਆਂ ਦੋਸ਼ੀ : ਮਾਨ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਸਿੱਖ ਕੌਮ ਦੇ 'ਕੌਮੀ ਆਜ਼ਾਦੀ ਪੱਖੀ' ਸੋਚ 'ਤੇ ਚੱਲਣ ਵਾਲੇ ਸਿੱਖ ਆਗੂਆਂ ਨੂੰ ਹਿੰਦ ਹਕੂਮਤ ਵੱਲੋਂ ਖੁਫੀਆ ਏਜੰਸੀਆਂ ਸਹਾਰੇ ਸਾਜਸੀ ਤਰੀਕੇ ਨਾਲ ਕਤਲ ਕਰਵਾ ਰਹੀ ਹੈ, ਜਿਸ ਦੀ ਉਦਾਹਰਣ ਹਰਿਆਣਾ ਵਿੱਚ ਸ੍ਰ. ਸੰਦੀਪ ਸਿੰਘ ਸਿੱਧੂ, ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿੱਚ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ, ਪਾਕਿਸਤਾਨ ਵਿੱਚ ਸ੍ਰ. ਪਰਮਜੀਤ ਸਿੰਘ ਪੰਜਵੜ, ਕੈਨੇਡਾ ਵਿੱਚ ਸ੍ਰ. ਰਿਪੁਦਮਨ ਸਿੰਘ ਮਲਿਕ, ਇੰਗਲੈਂਡ ਵਿੱਚ ਸ੍ਰ. ਅਵਤਾਰ ਸਿੰਘ ਖੰਡਾ ਤੇ ਕੈਨੇਡਾ 'ਚ ਭਾਈ ਹਰਦੀਪ ਸਿੰਘ ਨਿੱਝਰ ਦੇ ਹੋਏ ਕਤਲਾਂ ਤੋਂ ਮਿਲਦੀ ਹੈ। ਇਨ੍ਹਾਂ ਘਟਨਾਵਾਂ ਕਾਰਨ ਸਿੱਖ ਕੌਮ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਕਤ ਵਿਚਾਰ ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਪ੍ਰਗਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ੍ਰ. ਸਿਮਰਨਜੀਤ ਸਿੰਘ ਮਾਨ ਸੰਸਦ ਮੈਂਬਰ ਨੇ ਕਿਹਾ ਕਿ ਹਿੰਦੂ ਇੰਡੀਆ ਦੇ ਸਹਿਯੋਗੀ ਰੂਸ ਨੇ 2022 ਵਿੱਚ ਹਿੰਦੂ ਇੰਡੀਆ ਦੇ ਉੜੀਸਾ ਵਿੱਚ ਸ਼ਰਨ ਲੈਣ ਵਾਲੇ ਬਾਗੀ ਰੂਸੀਆਂ ਦੀ ਹੱਤਿਆ ਕਰਵਾ ਦਿੱਤੀ ਗਈ ਸੀ, ਜਿਨ੍ਹਾਂ ਦਾ ਨਾਮ ਪਾਵੇਲ ਐਨਟੋਵ ਤੇ ਵਾਲਦਮੀਰ ਵਿਦਿਨੋਬ ਹਨ। ਇਸ ਤੋਂ ਪਹਿਲਾਂ ਰੂਸੀ ਖੁਫੀਆ ਏਜੰਸੀ ਨੇ ਇੰਗਲੈਂਡ ਵਿੱਚ ਰੂਸ ਦੇ ਇੱਕ ਹੋਰ ਬਾਗੀ ਲੈਫ. ਕਰਨਲ ਐਲਗਜੈਂਡਰ ਲਿਟਵਿਨੇਕੋ ਦੀ ਹੱਤਿਆ ਕਰ ਦਿੱਤੀ ਸੀ। ਅਜਿਹੇ ਕਤਲ ਅੰਤਰਰਾਸ਼ਟਰੀ ਕਤਲ ਹਨ, ਜਿਸ ਦੀ ਅਮਰੀਕਾ ਨੂੰ ਸਿੱਖਾਂ ਤੇ ਰੂਸੀਆਂ ਦੇ ਇਹ ਹੋਏ ਕਤਲਾਂ ਦੇ ਸੱਚ ਨੂੰ ਸਾਹਮਣੇ ਵੀ ਲਿਆਉਣਾ ਚਾਹੀਦਾ ਹੈ ਅਤੇ ਅਜਿਹੇ ਹੋਣ ਵਾਲੇ ਕਤਲਾਂ ਦਾ ਖਾਤਮਾ ਕਰਨ ਦੀ ਕੋਈ ਮਨੁੱਖਤਾ ਪੱਖੀ ਨੀਤੀ ਉਤੇ ਅਮਲ ਵੀ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਇਹ ਸਾਰਾ ਦੋਸ਼ ਸੈਂਟਰ ਦੇ ਗ੍ਰਹਿ ਵਜ਼ੀਰ ਸ੍ਰੀ ਅਮਿਤ ਸ਼ਾਹ, ਨੈਸ਼ਨਲ ਸਕਿਉਰਟੀ ਐਡਵਾਈਜ਼ਰ ਸ੍ਰੀ ਅਜੀਤ ਡੋਵਾਲ, ਰਾਅ ਤੇ ਆਈ ਬੀ ਇਨ੍ਹਾਂ ਖੁਫੀਆ ਏਜੰਸੀਆਂ 'ਤੇ ਲੱਗ ਰਹੇ ਹਨ। ਸ੍ਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਸਮੇਂ ਅਮਰੀਕਾ ਦੇ ਸਾਬਕਾ ਪ੍ਰੈਜ਼ੀਡੈਂਟ ਬਰਾਕ ਓਬਾਮਾ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਸਪੱਸ਼ਟ ਕਹਿ ਦਿੱਤਾ ਹੈ ਕਿ ਇੰਡੀਆ ਵਿੱਚ ਬੀਜੇਪੀ-ਆਰ.ਐੱਸ.ਐੱਸ. ਮੁਸਲਮਾਨਾਂ ਤੇ ਘੱਟ ਗਿਣਤੀਆਂ 'ਤੇ ਜਬਰ ਕਰ ਰਹੀ ਹੈ।

ਜਦੋਂ ਸ੍ਰੀ ਨਰਿੰਦਰ ਮੋਦੀ ਅਮਰੀਕਾ ਦੇ ਸੈਨੇਟਰਜ਼ ਤੇ ਅਸੈਂਬਲੀ ਮੈਂਬਰਾਂ ਦੇ ਇਕੱਠ ਨੂੰ ਸੰਬੋਧਨ ਕਰਨ ਲਈ ਗਏ ਤਾਂ ਬਹੁਤ ਸਾਰੇ ਚੁਣੇ ਹੋਏ ਨੁਮਾਇੰਦੇ ਉੱਠ ਕੇ ਚਲੇ ਗਏ। ਇਨ੍ਹਾਂ ਦੋਵਾਂ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਇੰਡੀਆ ਵਿੱਚ ਹੋ ਰਿਹਾ ਮਨੁੱਖੀ ਅਧਿਕਾਰਾਂ ਦਾ ਉਲੰਘਣ ਤੇ ਘੱਟ ਗਿਣਤੀ ਕੌਮਾਂ 'ਤੇ ਜਬਰ ਇਨਸਾਫ ਪਸੰਦ ਮੁਲਕਾਂ ਵਿੱਚ ਚਰਚਾ ਬਣਿਆ ਹੋਇਆ ਹੈ। ਸ੍ਰ. ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਇਹ ਘੱਟ ਗਿਣਤੀਆਂ ਤੇ ਸਿੱਖ ਕੌਮ ਖਿਲਾਫ ਇੰਡੀਆ ਹਕੂਮਤ ਤੇ ਖੁਫੀਆ ਏਜੰਸੀਆਂ ਵੱਲੋਂ ਇੰਡੀਆ ਤੇ ਬਾਹਰਲੇ ਮੁਲਕਾਂ ਵਿੱਚ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਇਹ ਇਸ ਤਰ੍ਹਾਂ ਦਾ ਵਰਤਾਰਾ ਹੈ, ਜਿਵੇਂ ਆਪ੍ਰੇਸ਼ਨ ਨੀਲਾ ਤਾਰਾ ਤੋਂ ਪਹਿਲਾਂ ਸਿੱਖਾਂ 'ਤੇ ਜਬਰ ਕੀਤਾ ਗਿਆ ਸੀ, ਇਹ ਉਸ ਸਾਜ਼ਿਸ਼ ਦਾ ਹਿੱਸਾ ਹੈ। ਬਿਆਨ ਦੇ ਅਖੀਰ 'ਚ ਸ੍ਰ. ਮਾਨ ਨੇ ਕਿਹਾ ਕਿ ਇਜ਼ਰਾਇਲ ਦੀ ਖੁਫੀਆ ਏਜੰਸੀ ਮੂਸਾਦ ਤੇ ਰੂਸ ਦੀ ਖੁਫੀਆ ਏਜੰਸੀ ਐੱਸ ਵੀ ਆਰ ਆਪਣੇ ਦੇਸ਼ ਦੇ ਵਿਰੋਧੀ, ਜੋ ਬਾਹਰਲੇ ਮੁਲਕਾਂ ਵਿੱਚ ਵੱਸਦੇ ਸਨ, ਦੇ ਕਤਲ ਕਰਵਾਉਂਦੀਆਂ ਹਨ, ਹੁਣ ਉਨ੍ਹਾਂ ਪਦ-ਚਿੰਨ੍ਹਾਂ 'ਤੇ ਇੰਡੀਆ ਦੀ ਮੋਦੀ ਹਕੂਮਤ ਚੱਲ ਰਹੀ ਹੈ।

ਕਾਤਰਾਂ

ਜੇ ਐੱਮ ਐੱਸ ਸੰਸਥਾ ਨੇ ਕੈਨੇਡਾ ਦਾ ਸਟੱਡੀ ਵੀਜ਼ਾ ਲਵਾਇਆ

ਬਾਘਾਪੁਰਾਣਾ (ਮਨੀ ਸਿੰਗਲਾ)-ਜੇ.ਐੱਮ.ਐੱਸ ਇੰਮੀਗ੍ਰੇਸ਼ਨ ਜੋ ਹਰ ਤਰ੍ਹਾਂ ਦੇ ਰਫਿਊਜ਼ ਹੋਏ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਿਰ ਵਜੋਂ ਜਾਣੀ ਜਾਂਦੀ ਹੈ, ਹੁਣ ਤੱਕ ਵੱਡੀ ਗਿਣਤੀ ਵਿੱਚ ਪੜ੍ਹਾਈ 'ਚ ਗੈਪ ਹੋਣ ਦੇ ਬਾਵਜੂਦ ਵਿਦਿਆਰਥੀ ਬਿਨਾਂ ਕਿਸੇ ਰਿਫਿਊਜਲ ਤੋਂ ਇਸ ਸੰਸਥਾ ਵੱਲੋਂ ਆਪਣਾ ਵੀਜ਼ਾ ਪ੍ਰਾਪਤ ਕਰ ਚੁੱਕੇ ਹਨ। ਇਸ ਵਾਰ ਸੰਸਥਾ ਨੇ ਜਗਸੀਰ ਸਿੰਘ ਪੁੱਤਰ ਲਾਭ ਸਿੰਘ ਵਾਸੀ ਧੂਰਕੋਟ (ਬਰਨਾਲਾ) ਦਾ ਕੈਨੇਡਾ ਦੇ ਸਰੀ ਸ਼ਹਿਰ ਦੇ ਵੈਸਟਰਨ ਕਮਿਊਨਟੀ ਕਾਲਜ ਦਾ ਸਟੱਡੀ ਵੀਜ਼ਾ ਲਵਾ ਕੇ ਵਿਦਿਆਰਥੀ ਦਾ ਵਿਦੇਸ਼ ਪੜ੍ਹਾਈ ਕਰਨ ਦਾ ਸੁਪਨਾ ਸਾਕਾਰ ਕੀਤਾ ਹੈ। ਵਿਦਿਆਰਥੀ ਨੇ 2021 ਵਿੱਚ ਬਾਰ੍ਹਵੀਂ ਜਮਾਤ ਪਾਸ ਕਰਨ ਉਪਰੰਤ ਸੰਸਥਾ ਵਿਖੇ ਕਾਗ਼ਜ਼ਾਤ ਸਾਂਝੇ ਕੀਤੇ ਤੇ ਸੰਸਥਾ ਵੱਲੋਂ ਬਹੁਤ ਹੀ ਘੱਟ ਸਮੇਂ ਵਿੱਚ ਵਿਦਿਆਰਥੀ ਨੂੰ ਵੀਜ਼ਾ ਪ੍ਰਾਪਤ ਹੋਇਆ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਦੱਸਿਆ ਕਿ ਵਿਜ਼ਿਟਰ ਵੀਜ਼ਾ, ਸਟੱਡੀ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ ਵੀਜ਼ੇ ਆਦਿ ਲਾਏ ਜਾਂਦੇ ਹਨ। ਇਸ ਮੌਕੇ ਐੱਮ.ਡੀ ਅੰਮ੍ਰਿਤਪਾਲ ਕੌਰ ਨੇ ਵਿਦਿਆਰਥੀ ਨੂੰ ਵੀਜ਼ਾ ਕਾਪੀ ਸੌਂਪਦਿਆਂ ਵਧਾਈ ਦਿੱਤੀ ਤੇ ਉੱਜਵਲ ਭਵਿੱਖ ਲਈ ਕਾਮਨਾ ਕੀਤੀ।

ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਕੀਤੀ ਖੁਦਕੁਸ਼ੀ

ਚੀਮਾ ਮੰਡੀ (ਰਵਿੰਦਰ ਚੀਮਾ)-ਨੇੜਲੇ ਪਿੰਡ ਤੋਲਾਵਾਲ ਦੇ ਕਿਸਾਨ ਨਾਜਰ ਸਿੰਘ ਪੁੱਤਰ ਜਗੀਰ ਸਿੰਘ (50 ਸਾਲ) ਨੇ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ। ਘਰ ਵਿੱਚ ਪਿੱਛੇ ਉਸ ਦੀ ਪਤਨੀ ਤੇ ਦੋ ਪੁੱਤਰ ਰਹਿ ਗਏ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਿਸਾਨ ਨਾਜਰ ਸਿੰਘ ਕੋਲ ਇਕ ਏਕੜ ਤੋਂ ਘੱਟ ਜ਼ਮੀਨ ਹੈ, ਉਸ ਦੇ ਸਿਰ 5 ਲੱਖ ਦਾ ਸਰਕਾਰੀ ਤੇ ਗੈਰ-ਸਰਕਾਰੀ ਕਰਜ਼ਾ ਸੀ, ਜਿਸ ਨੂੰ ਲੈ ਕੇ ਉਹ ਪ੍ਰੇਸ਼ਾਨ ਸੀ। ਕਰਜ਼ਾ ਨਾ ਮੁੜਨ ਕਾਰਨ ਉਸ ਨੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ ਹੈ। ਉਨ੍ਹਾ ਮੰਗ ਕੀਤੀ ਕਿ ਸਰਕਾਰ ਨੂੰ ਛੋਟੇ ਕਿਸਾਨਾਂ ਦਾ ਕਰਜ਼ਾ ਮਾਫ ਕਰਨਾ ਚਾਹੀਦਾ ਹੈ, ਜੋ ਕਿਸਾਨ ਆਤਮਹੱਤਿਆ ਕਰ ਚੁੱਕੇ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਢੁੱਕਵਾਂ ਮੁਆਵਜ਼ਾ ਦੇਣਾ ਚਾਹੀਦਾ ਹੈ।

ਕਿਸਾਨ ਡੇਅਰੀ ਵਿਭਾਗ ਦੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ : ਹਾਂਡਾ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਘਰ-ਘਰ ਰੁਜ਼ਗਾਰ ਸਕੀਮ ਅਧੀਨ ਬੇਰੁਜ਼ਗਾਰ ਨੌਜਵਾਨ ਲੜਕੇ-ਲੜਕੀਆਂ ਨੂੰ ਸਪੈਸ਼ਲ ਸਕੀਮਾਂ ਅਧੀਨ ਡੇਅਰੀ ਵਿਕਾਸ ਵਿਭਾਗ ਵੱਲੋਂ ਡੇਅਰੀ ਸਿਖਲਾਈ ਦੇ ਕੇ ਬੈਂਕਾਂ ਤੋਂ ਘੱਟ ਵਿਆਜ ਦਰਾਂ 'ਤੇ 2 ਤੋਂ ਲੈ ਕੇ 20 ਦੋਧਾਰੂ ਪਸ਼ੂਆਂ ਤੱਕ ਦੇ ਕਰਜ਼ੇ ਦਿਵਾ ਕੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ ਉਨ੍ਹਾਂ ਨੂੰ 25 ਤੋਂ 33 ਪ੍ਰਤੀਸ਼ਤ ਸਬਸਿਡੀਜ਼ ਮੁਹੱਈਆ ਕਰਵਾਈ ਜਾਂਦੀ ਹੈ।ਇਹ ਜਾਣਕਾਰੀ ਡਿਪਟੀ ਡਾਇਰੈਕਟਰ ਡੇਅਰੀ ਰਣਦੀਪ ਹਾਂਡਾ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਡੇਅਰੀ ਸਿਖਲਾਈ ਦਾ ਬੈਚ 3 ਜੁਲਾਈ 2023 ਤੋਂ ਡੇਅਰੀ ਸਿਖਲਾਈ ਕੇਂਦਰ ਗਿੱਲ ਜ਼ਿਲ੍ਹਾ ਮੋਗਾ ਤੇ ਡੇਅਰੀ ਸਿਖਲਾਈ ਕੇਂਦਰ ਜ਼ਿਲ੍ਹਾ ਤਰਨਤਾਰਨ ਵਿਖੇ ਚਲਾਇਆ ਜਾ ਰਿਹਾ ਹੈ।ਡੇਅਰੀ ਕਾਰਜਕਾਰੀ ਅਫਸਰ ਕਪਲਮੀਤ ਸਿੰਘ ਸੰਧੂ ਨੇ ਦੱਸਿਆ ਕਿ ਡੇਅਰੀ ਵਿਭਾਗ ਦੀਆਂ ਸਾਰੀਆਂ ਸਕੀਮਾਂ ਜਿਵੇਂ ਕਿ ਦੋਧਾਰੂ ਪਸ਼ੂ, ਮਿਲਕਿੰਗ ਮਸ਼ੀਨਾਂ, ਫੋਡਰ ਹਾਰਵੈਸਟਰ, ਸਾਈਲੇਜ਼ ਬੇਲਰ, ਟੀ.ਐੱਮ.ਆਰ. ਆਦਿ 'ਤੇ ਸਬਸਿਡੀਜ਼ ਦਾ ਲਾਭ ਲੈਣ ਲਈ 29 ਜੂਨ 2023 ਤੱਕ ਆਪਣੇ ਦਸਤਾਵੇਜ਼ ਜਿਵੇਂ ਕਿ ਆਧਾਰ ਕਾਰਡ, ਯੋਗਤਾ ਸਰਟੀਫਿਕੇਟ ਤੇ ਪਾਸਪੋਰਟ ਫੋਟੋ ਲੈ ਕੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਲਾਕ ਏ ਕਮਰਾ ਨੰਬਰ 3 ਅਤੇ 4 ਜਾਂ ਮੋਬਾਈਲ ਨੰਬਰ 97793-52959 ਤੇ ਸੰਪਰਕ ਕਰ ਸਕਦੇ ਹਨ।ਉਨ੍ਹਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਡੇਅਰੀ ਵਿਕਾਸ ਵਿਭਾਗ 'ਚ ਚੱਲ ਰਹੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

4161 ਅਧਿਆਪਕਾਂ ਨੂੰ ਸਟੇਸ਼ਨ ਅਲਾਟ ਕਰਕੇ ਸਕੂਲਾਂ 'ਚ ਭੇਜਿਆ ਜਾਵੇ : ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ

**ਧਰਮਕੋਟ (ਗੁਰਦੀਪ ਸਿੰਘ ਭੁ

28-Jun-PAGE- 8.qxd 6/27/2023 10:44 PM Page 1

ਵਾਈ ਐਫ ਸੀ ਰੁੜਕਾ ਕਲਾਂ ਵਿਖੇ ਨਸ਼ਾਖੋਰੀ ਤੇ ਤਸਕਰੀ ਵਿਰੁੱਧ ਮਨਾਇਆ ਅੰਤਰਰਾਸ਼ਟਰੀ ਦਿਵਸ

ਗੁਰਾਇਆ (ਬਿੰਦਰ ਸੁਮਨ)-ਸਾਰਾ ਸੰਸਾਰ ਅੱਜ ਬਹੁਤ ਸਾਰੀਆਂ ਬਿਮਾਰੀਆਂ ਨਾਲ ਜੂਝ ਰਿਹਾ ਹੈ, ਜਿਨ੍ਹਾਂ ਵਿੱਚੋਂ ਇੱਕ ਸਭ ਤੋਂ ਵੱਧ ਨਾ ਮੁਰਾਦ ਬਿਮਾਰੀ ਹੈ ਨਸ਼ਾ। ਨਸ਼ੇ ਨੇ ਸਾਰੇ ਸੰਸਾਰ ਵਿੱਚ ਆਪਣੇ ਪੈਰ ਪੂਰੀ ਤਰ੍ਹਾਂ ਨਾਲ ਪਸਾਰ ਲਏ ਹਨ ਅਤੇ ਹਰ ਵਰਗ ਤੇ ਉਮਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਬ੍ਰਹਮਾ ਕੁਮਾਰੀ ਆਸ਼ਰਮ ਗੁਰਾਇਆ ਤੋਂ ਸੀਮਾ ਬੇਹਿਨ, ਆਪਣੀ ਪੂਰੀ ਟੀਮ, ਸੁਰਿੰਦਰ ਕੁਮਾਰ (ਐੱਸ.ਐੱਚ.ਓ),ਜਗਦੀਸ਼ ਰਾਜ (ਡੀ.ਐੱਸ.ਪੀ), ਇੰਦਰਜੀਤ ਕੌਰ (ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਜਲੰਧਰ (ਪੰਜਾਬ) ਉੱਚੇਚੇ ਤੌਰ 'ਤੇ ਪਹੁੰਚੇ। ਸਰਪੰਚ ਕੁਲਵਿੰਦਰ ਕੌਰ ਕੌਲਧਾਰ ਸਮੁੱਚੀ ਗ੍ਰਾਮ ਪੰਚਾਇਤ ਰੁੜਕਾ ਕਲਾਂ ਨਾਲ ਸਰਵ ਪੱਖੀ ਵਿਕਾਸ ਮੰਚ ਦੇ ਮੈਂਬਰ ਅਤੇ ਰੋਟਰੀ ਮੈਂਬਰ ਅਤੇ ਬਲਾਕ ਸੰਮਤੀ ਮੈਂਬਰ ਦਲਜੀਤ ਕੁਮਾਰ,ਪਿੰਡ ਨਿਵਾਸੀ ਅਤੇ ਬੱਚੇ ਹਾਜ਼ਰ ਸਨ। ਸੈਕਟਰੀ ਸੰਦੀਪ ਸਿੰਘ ਵੱਲੋਂ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਬਾਅਦ ਵਿੱਚ ਸੀਮਾ ਬੇਹਿਨ ਵੱਲੋਂ ਨਸ਼ਿਆ ਦੇ ਵਿਰੁੱਧ ਭਾਸ਼ਣ ਦਿੱਤਾ ਗਿਆ,ਨਾਲ ਹੀ ਉਨਾਂ ਨੇ ਆਏ ਹੋਏ ਸਾਰੇ ਮਹਿਮਾਨਾ ਅਤੇ ਬੱਚਿਆ ਨੂੰ ਮੈਡੀਟੇਸ਼ਨ ਵੀ ਕਰਵਾਈ। ਉਨ੍ਹਾਂ ਕਿਹਾ ਕਿ ਪਰੇਸ਼ਾਨੀ ਵਾਲੀ ਜ਼ਿੰਦਗੀ ਵਿੱਚ ਸਾਨੂੰ ਮੈਡੀਟੇਸ਼ਨ ਕਰਨੀ ਚਾਹੀਦੀ ਹੈ। ਸਰਿੰਦਰ ਕੁਮਾਰ ਨੇ ਕਿਹਾ ਕਿ ਨਸ਼ਿਆਂ ਨਾਲਾਂ ਨੌਜਵਾਨਾਂ ਦੀ ਜ਼ਿੰਦਗੀ ਖਰਾਬ ਹੋ ਰਹੀ ਹੈ। ਵਾਈ ਐਫ ਸੀ ਲੜਕੀਆਂ ਦੀ ਟੀਮ ਵੱਲੋਂ ਨਸ਼ਿਆ ਦੇ ਪ੍ਰਤੀ ਇੱਕ ਨੁੱਕੜ ਨਾਟਕ ਕੀਤਾ ਗਿਆ। ਪ੍ਰਧਾਨ ਗੁਰਮੰਗਲ ਦਾਸ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ ਅਤੇ ਖੇਡਾਂ ਦੁਆਰਾ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।

ਨਸ਼ਿਆਂ ਦੇ ਮਾੜੇ ਪ੍ਰਭਾਵਾਂ ਸੰਬੰਧੀ ਸਿਹਤ ਵਿਭਾਗ ਨੇ ਕੀਤਾ ਜਾਗਰੂਕ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਯੋਗ ਅਗਵਾਈ ਹੇਠ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਹਰਵਿੰਦਰ ਸਿੰਘ ਬਲਾਕ ਐਕਸਟੈਨਸ਼ਨ ਐਜੂਕੇਟਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਮਾੜੀ ਸੰਗਤ ਵਿੱਚ ਫਸ ਕੇ ਵੱਖ-ਵੱਖ ਤਰ੍ਹਾਂ ਦੇ ਨਸ਼ਿਆਂ ਦਾ ਸੇਵਨ ਕਰਨ ਲੱਗ ਜਾਂਦੀ ਹੈ, ਜਿਸ ਨਾਲ ਸਰੀਰ ਦੀ ਤੰਦਰੁਸਤੀ 'ਤੇ ਮਾੜਾ ਪ੍ਰਭਾਵ ਪੈਂਦਾ ਹੈ।

ਨੌਜਵਾਨ ਕਈ ਤਰ੍ਹਾਂ ਦੇ ਨਸ਼ੇ ਜਿਵੇਂ ਕਿ ਨਸ਼ੀਲੀਆਂ ਦਵਾਈਆਂ, ਤੰਬਾਕੂ, ਅਫੀਮ, ਹੈਰੋਇਨ, ਚਰਸ, ਗਾਂਜਾ, ਡੋਡੇ, ਸ਼ਰਾਬ, ਨਸ਼ੇ ਦੇ ਟੀਕੇ, ਗੋਲੀਆਂ, ਕੈਪਸੂਲ ਅਤੇ ਭੁੱਕੀ ਆਦਿ ਦਾ ਸੇਵਨ ਕਰਕੇ ਆਪਣਾ ਜੀਵਨ ਖਤਮ ਕਰ ਰਹੇ ਹਨ। ਨਸ਼ੇ ਦੇ ਸ਼ਿਕਾਰ ਨੌਜਵਾਨ ਆਰਥਕ, ਸਮਾਜਕ ਅਤੇ ਸਰੀਰਕ ਪੱਖੋਂ ਕਮਜ਼ੋਰ ਹੋ ਜਾਂਦੇ ਹਨ ਅਤੇ ਪੈਸਾ ਨਾ ਹੋਣ ਦੀ ਸੂਰਤ ਵਿੱਚ ਕਈ ਨੌਜਵਾਨ ਚੋਰੀ ਕਰਕੇ ਆਪਣਾ ਨਸ਼ਾ ਪੂਰਾ ਕਰਦੇ ਹਨ ਅਤੇ ਘਰ ਵਿੱਚ ਪਰਵਾਰ ਨਾਲ ਮਾਹੌਲ ਸੁਖਾਵਾਂ ਨਹੀਂ ਰਹਿੰਦਾ। ਇਸ ਲਈ ਜੇਕਰ ਕੋਈ ਵੀ ਨੌਜਵਾਨ ਨਸ਼ਾ ਛੱਡਣਾ ਚਾਹੁੰਦਾ ਹੈ ਤਾਂ ਪੰਜਾਬ ਸਰਕਾਰ ਵੱਲੋਂ ਖੋਲ੍ਹੇ ਗਏ ਓਟ ਕਲੀਨਿਕਾਂ ਵਿੱਚ ਨਸ਼ੇ ਦੀ ਦਵਾਈ ਮੁਫ਼ਤ ਮਿਲਦੀ ਹੈ, ਜਿਸ ਦੀ ਡੋਜ਼ ਡਾਕਟਰ ਵੱਲੋਂ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਹੌਲੀ ਹੌਲੀ ਇਹ ਡੋਜ਼ ਘਟਾ ਕੇ ਨਸ਼ਾ ਖਤਮ ਕੀਤਾ ਜਾਂਦਾ ਹੈ, ਜਿਸ ਨਾਲ ਨੌਜਵਾਨ ਆਪਣੇ ਨਵੇਂ ਅਤੇ ਨਸ਼ਾ ਰਹਿਤ ਜੀਵਨ ਦੀ ਸ਼ੁਰੂਆਤ ਕਰ ਸਕਦੇ ਹਨ।

ਇਸ ਮੌਕੇ ਦਵਿੰਦਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਮੇਲ, ਪਰਵਿੰਦਰ ਕੌਰ ਐਲ.ਐਚ.ਵੀ, ਅਤਿੰਦਰ ਕੌਰ ਸੀ.ਐਚ.ਓ, ਤਜਿੰਦਰ ਕੌਰ ਏ.ਐਨ.ਐਮ, ਚੰਦਰਿਕਾ ਠੇਕੇਦਾਰ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

ਸੀਟੀ ਕਿੰਡਰਗਾਰਟਨ 'ਚ ਲਾਇਆ ਸਮਰ ਕੈਂਪ

ਜਲੰਧਰ (ਸ਼ੈਲੀ ਐਲਬਰਟ)-ਸੀਟੀ ਕਿੰਡਰਗਾਰਟਨ ਵਿਖੇ ਵਿਦਿਆਰਥੀਆਂ ਦੇ ਮਨੋਰੰਜਨ ਲਈ ਇੱਕ ਹਫਤੇ ਦੇ ਸਮਰ ਕੈਂਪ ਦਾ ਆਯੋਜਨ ਕੀਤਾ। ਜਿਸ ਵਿੱਚ ਬੱਚਿਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਸੁਰੱਖਿਅਤ ਮਾਹੌਲ ਵਿੱਚ ਨਵੀਆਂ ਚੀਜਾਂ ਸਿੱਖੀਆਂ। ਇਸ ਸਮਰ ਕੈਂਪ ਰਾਹੀਂ ਰੋਮਾਂਚਕ ਗਤੀਵਿਧੀਆਂ ਦੇ ਜ਼ਰੀਏ ਬੱਚਿਆਂ ਨੇ ਸੁਤੰਤਰਤਾ ਅਤੇ ਸਵੈ-ਵਿਸ਼ਵਾਸ ਦੀ ਭਾਵਨਾ ਵਿਕਸਿਤ ਕੀਤੀ। ਬੱਚਿਆਂ ਨੂੰ ਚੰਗਾ ਮਾਰਗਦਰਸ਼ਨ ਅਤੇ ਸਹਾਇਤਾ ਦਿੱਤੀ ਗਈ ਤਾਂ ਜੋ ਉਹ ਵੱਧ ਤੋਂ ਵੱਧ ਸਿੱਖ ਸਕਣ। ਇਹ ਹੀ ਨਹੀਂ ਉਹਨਾਂ ਨੂੰ ਮਜੇਦਾਰ ਗੇਮਾਂ ਰਾਹੀਂ ਇਕੱਠੇ ਰਹਿਣ ਦੀ ਮਹੱਤਤਾ ਵੀ ਸਮਝਾਈ ਗਈ। ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਮਾਰਸ਼ਲ ਆਰਟਸ, ਤੈਰਾਕੀ, ਡਾਂਸ ਅਤੇ ਆਰਟ ਐਂਡ ਕਰਾਫਟ ਵਰਗੀਆਂ ਵੱਖ ਵੱਖ ਗਤੀਵਿਧੀਆਂ 'ਚ ਭਾਗ ਲਿਆ। ਪ੍ਰਿੰਸੀਪਲ ਅਨੁਰਾਧਾ ਚੰਦੇਲ ਅਤੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਸੁਖਦੀਪ ਕੌਰ ਇਸ ਮੌਕੇ ਮੌਜੂਦ ਰਹੇ।

ਚੋਰੀ ਦੇ 4 ਮੋਟਰਸਾਈਕਲਾਂ ਸਮੇਤ ਤਿੰਨ ਕਾਬੂ

ਅਲਾਵਲਪੁਰ (ਮਦਨ ਬੰਗੜ) - ਪੁਲਸ ਥਾਣਾ ਆਦਮਪੁਰ ਦੇ ਅਧੀਨ ਆਉਂਦੀ ਪੁਲਸ ਚੌਂਕੀ ਅਲਾਵਲਪੁਰ ਵੱਲੋਂ ਚੋਰੀ ਦੇ ਮੋਟਰਸਾਈਕਲਾਂ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਚੌਂਕੀ ਇੰਚਾਰਜ ਏ ਐਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਜਦੋਂ ਉਹ ਪੁਲਸ ਪਾਰਟੀ ਸਮੇਤ ਦੌਰਾਨੇ ਗਸ਼ਤ ਅਲਾਵਲਪੁਰ ਬਿਆਸ ਪਿੰਡ ਟੀ ਪੁਆਇੰਟ ਨਜਦੀਕ ਸ਼ਮਸ਼ਾਨਘਾਟ 'ਤੇ ਚੈਕਿੰਗ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਪ੍ਰਾਪਤ ਹੋਈ ਕੇ ਤਿੰਨ ਵਿਅਕਤੀ ਬਿਆਸ ਪਿੰਡ ਤਰਫੋਂ ਚੋਰੀ ਦੇ ਮੋਟਰਸਾਈਕਲਾਂ ਸਮੇਤ ਅਲਾਵਲਪੁਰ ਵੱਲ ਆ ਰਹੇ ਹਨ, ਜਿਨ੍ਹਾਂ 'ਚ ਗੁਰਤੇਜ ਉਰਫ ਮੋਹਿਤ ਪੁੱਤਰ ਓਮ ਪ੍ਰਕਾਸ਼ ਵਾਸੀ ਮੁਹੱਲਾ ਪਹਾੜੀਆ, ਖੁਸ਼ਵੰਤ ਕੁਮਾਰ ਉਰਫ ਬੰਤਾ ਪੁੱਤਰ ਲਾਲਜੀ ਵਾਸੀ ਮੁਹੱਲਾ ਰਾਮਗੜ੍ਹੀਆਂ ਅਤੇ ਜੋਰਾਵਰ ਉਰਫ ਅਜੇ ਪੁੱਤਰ ਸੁਰਜੀਤ ਸਿੰਘ ਵਾਸੀ ਮੁਹੱਲਾ ਸ਼ਾਹ ਪ੍ਰਵਾਨਾ (ਸਾਰੇ ਵਾਸੀ ਅਲਾਵਲਪੁਰ ਜ਼ਿਲ੍ਹਾ ਜਲੰਧਰ) ਸ਼ਾਮਲ ਹਨ। ਨਾਕੇ ਦੌਰਾਨ ਏਐਸਆਈ ਪਰਮਜੀਤ ਸਿੰਘ ਅਤੇ ਪੁਲਸ ਪਾਰਟੀ ਵੱਲੋਂ ਇਨ੍ਹਾਂ ਤਿੰਨਾਂ ਨੌਜਵਾਨਾਂ ਨੂੰ ਬਿਨਾਂ ਨੰਬਰੀ ਅਤੇ ਬਿਨਾਂ ਕਾਗਜਾਂ ਦੇ ਮੋਟਰਸਾਈਕਲਾਂ ਸਮੇਤ ਕਾਬੂ ਕੀਤਾ ਗਿਆ। ਬਾਅਦ 'ਚ ਇਨ੍ਹਾਂ ਤੋਂ ਇਕ ਹੋਰ ਚੋਰੀ ਦਾ ਮੋਟਰਸਾਇਕਲ ਬਰਾਮਦ ਕੀਤਾ ਗਿਆ। ਉਨ੍ਹਾਂ ਵੱਲੋਂ ਇੱਕ ਮੋਟਰਸਾਈਕਲ ਹੁਸ਼ਿਆਰਪੁਰ ਤੋਂ, ਇੱਕ ਬੀਐਮਸੀ ਚੌਕ ਜਲੰਧਰ, ਇਕ ਨਕੋਦਰ ਚੌਕ ਜਲੰਧਰ ` ਇਕ ਪੀਏਪੀ ਚੌਕ ਜਲੰਧਰ ਤੋਂ ਚੋਰੀ ਕੀਤਾ ਗਿਆ। ਤਿੰਨਾਂ ਮੁਲਜ਼ਮਾਂ ਉੱਪਰ ਮਾਮਲਾ ਦਰਜ ਕਰ ਕੇ ਅਦਾਲਤ ਵਿਚ ਪੇਸ਼ ਕਰਨ ਤੋਂ ਬਾਅਦ ਇਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।

ਪਿੰਡ ਫਤਹਿਪੁਰ ਦੀ ਸੰਗਤ ਨੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ

ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)- ਮਾਹਿਲਪੁਰ- ਜੇਜੋਂ ਮੁੱਖ ਮਾਰਗ 'ਤੇ ਪਿੰਡ ਚੰਦੇਲੀ ਦੇ ਨਜ਼ਦੀਕ ਸੰਤ ਬਾਬਾ ਹਾਕਮ ਸਿੰਘ ਬਾਬਾ ਸੁੱਖਾ ਸਿੰਘ ਗੁਰਦੁਆਰਾ ਪੀਰ ਬਾਲਾ ਸਾਹਿਬ ਫਤਿਹਪੁਰ ਕੋਠੀ ਦੇ ਅਸ਼ੀਰਵਾਦ ਸਦਕਾ ਪਿੰਡ ਫਤਿਹਪੁਰ ਦੀ ਸੰਗਤ ਨੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਮੁੱਖ ਰੱਖਦਿਆਂ ਗੁਰੂ ਦਾ ਲੰਗਰ ਅਤੇ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ। ਇਸ ਮੌਕੇ ਸੰਗਤਾਂ ਨੇ ਲੰਗਰਾਂ ਵਿੱਚ ਸੇਵਾ ਕਰਕੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਰਾਹਗੀਰਾਂ ਨੂੰ ਰੋਕ- ਰੋਕ ਕੇ ਠੰਢਾ ਮਿੱਠਾ ਜਲ ਛਕਾਇਆ।

ਦਾਨੀ ਸੱਜਣਾਂ ਨੇ ਦਿਲ ਖੋਲ੍ਹ ਕੇ ਲੰਗਰਾਂ ਦੀ ਸੇਵਾ ਵਿੱਚ ਮਾਇਕ ਯੋਗਦਾਨ ਪਾਇਆ। ਇਸ ਮੌਕੇ ਮੱਖਣ ਸਿੰਘ ਸਹੋਤਾ ਪ੍ਰਧਾਨ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ, ਮੋਹਨ ਸਿੰਘ, ਹਲਵਾਈ ਜੀਤਾ, ਦੀਪਾ, ਰਿੰਕੂ, ਮੋਹਨੀ, ਅਕਾਸ਼, ਸੋਨੂੰ, ਕਾਲਾ ਮਹਿਮਦੋਵਾਲ, ਬੱਬੂ ਸਰਪੰਚ,ਦੀਪਾ ਸਰਪੰਚ, ਮਹਿੰਦਰ ਸਿੰਘ, ਨਰਿੰਦਰ ਸਿੰਘ, ਅਮਨਾ ਰੋਡੂ, ਜਸਪਾਲ, ਅਮਰਜੀਤ ਸਿੰਘ, ਕਾਕਾ ਪੰਡਤ, ਬੀਬੀ ਅਮਰਜੀਤ, ਪਾਲਾ, ਸ਼ਾਲੂ, ਮਨਜੀਤ ਕੌਰ, ਜੋਤੀ, ਬਿੰਦਰ ਆਦਿ ਹਾਜ਼ਰ ਸਨ। ਇਸ ਮੌਕੇ ਬਾਬਾ ਸੁੱਖਾ ਸਿੰਘ ਨੇ ਕਿਹਾ ਕਿ ਸਾਨੂੰ ਸੰਤਾਂ ਮਹਾਂਪੁਰਸ਼ਾਂ ਦੇ ਪੁਰਬ ਇਸੇ ਤਰ੍ਹਾਂ ਹੀ ਰਲਮਿਲ ਕੇ ਮਨਾਉਂਦੇ ਹੋਏ ਭਾਈਚਾਰਕ ਸਾਂਝ ਕਾਇਮ ਰੱਖਣੀ ਚਾਹੀਦੀ ਹੈ।

ਇਸ ਮੌਕੇ ਕਿਸਾਨ ਮਜ਼ਦੂਰ ਆਗੂ ਮੱਖਣ ਸਿੰਘ ਸਹੋਤਾ ਨੇ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਇਕ ਗੌਰਵਮਈ ਇਤਿਹਾਸ ਹੈ। ਸਾਨੂੰ ਸਭਨਾਂ ਨੂੰ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ 'ਤੇ ਚਲਦੇ ਹੋਏ ਸੇਵਾ- ਸਿਮਰਨ ਤੇ ਪਰਉਪਕਾਰੀ ਜ਼ਿੰਦਗੀ ਜੀਊਣ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।

ਦਿਲ ਵਿਚ ਛੇਦ ਦਾ ਮੁਫਤ ਆਪ੍ਰੇਸ਼ਨ

ਫਗਵਾੜਾ-ਕਪੂਰਥਲਾ (ਰਮਨ ਸ਼ਰਮਾ)-ਰਾਸ਼ਟਰੀ ਬਾਲ ਸਵਾਸਥ ਕਾਰਿਆਕ੍ਰਮ ਸਰਕਾਰ ਦੀ ਬਹੁਤ ਹੀ ਸ਼ਲਾਘਾਯੋਗ ਯੋਜਨਾ ਹੈ। ਇਹ ਸ਼ਬਦ ਸਿਵਲ ਸਰਜਨ ਡਾ.ਰਾਜਵਿੰਦਰ ਕੌਰ ਨੇ ਪ੍ਰਗਟ ਕੀਤੇ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਨੂੰ ਚਲਾਉਣ ਦਾ ਸਰਕਾਰ ਦਾ ਮੁੱਖ ਮਕਸਦ ਅਜਿਹੇ ਲੋੜਵੰਦ ਪਰਵਾਰਾਂ ਦੇ ਬੱਚਿਆਂ ਨੂੰ ਮੁਫਤ ਇਲਾਜ ਦੀ ਸਹੂਲਤ ਦੇਣਾ ਹੈ ਜਿਹੜੇ ਆਰਥਕ ਮੰਦਹਾਲੀ ਦੇ ਚੱਲਦਿਆਂ ਆਪਣੇ ਬੱਚਿਆਂ ਦਾ ਇਲਾਜ ਵੱਡੇ ਹਸਪਤਾਲਾਂ ਵਿਚ ਨਹੀਂ ਕਰਵਾ ਸਕਦੇ। ਇਸ ਸਕੀਮ ਦੇ ਤਹਿਤ 0-18 ਸਾਲ ਦੇ ਬੱਚਿਆਂ ਦੀਆਂ 31 ਦੇ ਕਰੀਬ ਬਿਮਾਰੀਆਂ ਦ ਮੁਫਤ ਇਲਾਜ ਕੀਤਾ ਜਾਂਦਾ ਹੈ। ਇਸੇ ਲੜੀ ਤਹਿਤ ਪਿਛਲੇ ਦਿਨ੍ਹੀਂ ਫਗਵਾੜਾ ਵਾਸੀ ਸਾਢੇ 4 ਸਾਲ ਦੇ ਬੱਚੇ ਮਾਹੀ ਦੇ ਦਿਲ ਦਾ ਮੁਫਤ ਆਪ੍ਰੇਸ਼ਨ ਪੀ.ਜੀ.ਆਈ ਵਿਖੇ ਕਰਵਾਇਆ ਗਿਆ। ਇਸ ਸੰਬੰਧੀ ਸਬ ਡਵੀਜ਼ਨਲ ਹਸਪਤਾਲ ਫਗਵਾੜਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਲਖਿਬਰ ਰਾਮ ਨੇ ਦੱਸਿਆ ਕਿ ਆਂਗਣਵਾੜੀ ਸੈਂਟਰ ਛੱਜ ਕਾਲੋਨੀ ਫਗਵਾੜਾ ਦੇ ਬੱਚੇ ਮਾਹੀ ਨੂੰ ਆਰ.ਬੀ.ਐਸ.ਕੇ ਟੀਮ ਦੇ ਡਾ. ਪ੍ਰਭਜੋਤ ਜੱਬਲ ਅਤੇ ਜਤਿੰਦਰ ਸਿੰਘ ਵੱਲੋਂ ਸਕਰੀਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਬੱਚੇ ਦੇ ਦਿਲ ਵਿਚ ਛੇਦ ਸੀ, ਜਿਸ ਦਾ ਸਫਲ ਆਪ੍ਰੇਸ਼ਨ ਪੀ.ਜੀ.ਆਈ. ਵਿਖੇ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਬੱਚਾ ਹੁਣ ਪੂਰੀ ਤਰ੍ਹਾਂ ਸਵਸਥ ਹੈ। ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਨੇ ਬੱਚੇ ਦੇ ਸਫਲ ਆਪ੍ਰੇਸ਼ਨ 'ਤੇ ਸੰਤੁਸ਼ਟੀ ਜਤਾਈ ਅਤੇ ਆਰ.ਬੀ.ਐਸ.ਕੇ ਟੀਮ ਨੂੰ ਭਵਿੱਖ ਵਿਚ ਹੋਰ ਵਧੀਆ ਕੰਮ ਕਰਨ ਲਈ ਪ੍ਰੇਰਿਆ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਦਾ ਸਹਿਯੋਗ ਕਰਨ।

ਸੰਸਦ ਮੈਂਬਰ ਵੱਲੋਂ ਲੋਕਾਂ ਦੀਆਂ ਮੁਸ਼ਕਲਾਂ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀਆਂ ਹਦਾਇਤਾਂ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਆਪਣੇ ਆਦਮਪੁਰ ਅਤੇ ਭੋਗਪੁਰ ਦੇ ਦੌਰੇ ਦੌਰਾਨ ਉਥੇ ਤਾਇਨਾਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋਕਾਂ ਦੀਆਂ ਮੁਸ਼ਕਲਾਂ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੀਆਂ ਹਦਾਇਤਾਂ ਦਿੱਤੀਆਂ। ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਸੰਸਦ ਮੈਂਬਰ ਨੇ ਕਿਹਾ ਕਿ ਲੋਕਾਂ ਦੀਆਂ ਮੁਸ਼ਕਲਾਂ ਤੇ ਸ਼ਿਕਾਇਤਾਂ ਦੇ ਨਿਪਟਾਰੇ ਨੂੰ ਤਰਜੀਹ ਦਿੱਤੀ ਜਾਵੇ, ਖਾਸ ਕਰ ਬਿਜਲੀ, ਪਾਣੀ ਅਤੇ ਸੀਵਰੇਜ ਸਬੰਧੀ ਸਮੱਸਿਆਵਾਂ ਦਾ ਨਿਬੇੜਾ ਪਹਿਲ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਆਪਣੀ ਰੋਜ਼ਾਨਾਂ ਦੀ ਜ਼ਿੰਦਗੀ ਵਿੱਚ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਬਰਸਾਤ ਦੇ ਸੀਜ਼ਨ ਦੇ ਮੱਦੇਨਜ਼ਰ ਜਿਥੇ ਵੀ ਕਿਤੇ ਸੀਵਰੇਜ ਬਲਾਕੇਜ ਹੈ, ਉਸ ਨੂੰ ਪਹਿਲਾਂ ਹੀ ਦਰੁੱਸਤ ਕਰ ਲਿਆ ਜਾਵੇ ਅਤੇ ਨੀਵੇਂ ਇਲਾਕਿਆਂ ਵਿੱਚ ਲੋੜੀਂਦੇ ਪ੍ਰਬੰਧ ਕੀਤੇ ਜਾਣ ਤਾਂ ਜੋ ਲੋਕਾਂ ਨੂੰ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਦਫਤਰਾਂ ਵਿੱਚ ਆਪਣੇ ਕੰਮ ਕਰਵਾਉਣ ਲਈ ਆਉਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਹਲਕੇ ਦੇ ਸਰਵਪੱਖੀ ਵਿਕਾਸ ਦੀ ਵਚਨਬੱਧਤਾ ਦਹੁਰਾਉਂਦਿਆਂ ਉਨ੍

28-Jun-PAGE- 9.qxd 6/27/2023 10:41 PM Page 1

ਜਾਨਲੇਵਾ ਹਮਲਾ ਕਰਨ ਤੇ ਜਾਤੀਸੂਚਕ ਸ਼ਬਦ ਬੋਲਣ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇ : ਸੁਤੰਤਰ ਕੁਮਾਰ

ਬਹਿਰਾਮ (ਅਵਤਾਰ ਕਲੇਰ) ਪੰਜਾਬ ਖੇਤ ਮਜਦੂਰ ਸਭਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਕਾਮਰੇਡ ਮੁਕੰਦ ਲਾਲ ਅਤੇ ਟਰੇਡ ਯੂਨੀਅਨ ਨਵਾਂਸ਼ਹਿਰ ਏਟਕ ਦੇ ਕਨਵੀਨਰ ਕਾਮਰੇਡ ਸੁਤੰਤਰ ਕੁਮਾਰ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਜਸਵਿੰਦਰ ਸਿੰਘ ਭੰਗਲ ਨੇ ਸਾਂਝੇ ਬਿਆਨ ਰਾਹੀਂ ਭਗਵੰਤ ਸਿੰਘ ਮਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਨਰੇਗਾ ਰੁਜਗਾਰ ਪ੍ਰਾਪਤੀ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆਂ ਉੱਤੇ ਪਿੰਡ ਸੁਖੋਵਾਲ ਨਜਦੀਕ ਨਾਭਾ ਦੀ ਮਹਿਲਾ ਸਰਪੰਚ ਦੇ ਪਤੀ ਧਰਮਿੰਦਰ ਸਿੰਘ ਵਲੋਂ ਗੁੰਡਿਆਂ ਦੀ ਮੱਦਦ ਨਾਲ ਗਿਣੀ ਮਿਥੀ ਸਾਜ਼ਿਸ਼ ਅਧੀਨ ਜਾਨ ਲੇਵਾ ਹਮਲਾ ਕਰਨ ਅਤੇ ਜਾਤੀ ਸੂਚਕ ਗਾਲਾਂ ਕੱਢਣ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪਿੰਡ ਦੇ ਨਰੇਗਾ ਕਾਮਿਆਂ ਦੇ ਸੱਦੇ 'ਤੇ ਮਨਰੇਗਾ ਕਾਨੂੰਨ ਵਿੱਚ ਕੀਤੀ ਜਾਂਦੀ ਘਪਲੇਬਾਜੀ ਨੂੰ ਰੋਕਣ ਲਈ ਗਏ ਸਨ। ਉਹ ਜਥੇਬੰਦੀ ਦੇ ਅਧਿਕਾਰਤ ਆਗੂ ਹਨ। ਸਾਡੀ ਇਹ ਜਥੇਬੰਦੀ ਮਨਰੇਗਾ ਸਕੀਮ ਵਿੱਚ ਹੋ ਰਹੇ ਭ੍ਰਿਸ਼ਟਾਚਾਰ ਦਾ ਵਿਰੋਧ ਕਰਦੀ ਆ ਰਹੀ ਹੈ ਜਿਹੜਾ ਕਿ ਭਗਵੰਤ ਮਾਨ ਦੀ ਸਰਕਾਰ ਜਾਂ ਆਮ ਆਦਮੀ ਪਾਰਟੀ ਦੇ ਅਜਿਹੇ ਲੋਕਾਂ ਨੂੰ ਨਹੀਂ ਜਚਦੀ। ਉਹ ਇਸ ਦਾ ਭ੍ਰਿਸ਼ਟ ਅਫਸਰਸ਼ਾਹੀ ਨਾਲ ਮਿਲ ਕੇ ਨਰੇਗਾ ਸਕੀਮ ਦੇ ਫੰਡਾਂ ਵਿੱਚ ਘਪਲੇ ਕਰਦੇ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਇਸ ਸਾਰੇ ਘਟਨਾਕ੍ਰਮ ਦੀ ਨਿਰਪੱਖ ਜਾਂਚ ਕਰਵਾਈ ਜਾਵੇ। ਮੀਟਿੰਗ ਵਾਲੀ ਜਗ੍ਹਾ ਦੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਦੀ ਜਾਂਚ ਵਿੱਚ ਸ਼ਾਮਲ ਕੀਤੀ ਜਾਵੇ ਤੇ ਹਮਲਾਵਰਾਂ ਖਿਲਾਫ ਜਾਨਲੇਵਾ ਹਮਲਾ ਕਰਨ ਅਤੇ ਜਾਤੀ ਸੂਚਕ ਸ਼ਬਦ ਬੋਲਣ ਵਾਲਿਆਂ ਖਿਲਾਫ ਐਸ ਸੀ ਐਕਟ ਤਹਿਤ ਸਖਤ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਨਰੇਗਾ ਅਤੇ ਇਸ ਪਿੰਡ ਵਿੱਚ ਕਰਵਾਏ ਕੰਮਾਂ ਦੀ ਵੀ ਜਾਂਚ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਮਨਰੇਗਾ ਮਜਦੂਰਾਂ ਨੂੰ ਸਾਲ ਵਿੱਚ ਦੋ ਸੌ ਦਿਨ ਕੰਮ ਤੇ ਸੱਤ ਸੌ ਰੁਪਏ ਦਿਹਾੜੀ ਦਿੱਤੀ ਜਾਵੇ। ਮਜਦੂਰਾਂ ਦੇ ਸਾਰੇ ਤਰ੍ਹਾਂ ਦੇ ਕਰਜੇ ਮੁਆਫ ਕੀਤੇ ਜਾਣ। ਰਜਿਸਟਰਡ ਉਸਾਰੀ ਮਜਦੂਰਾਂ ਨੂੰ ਲੇਬਰ ਵੈਲਫੇਅਰ ਬੋਰਡ ਵੱਲੋਂ ਦਿੱਤੇ ਜਾਂਦੇ ਲਾਭ ਸਗਨ ਸਕੀਮ, ਵਜੀਫੇ ਆਦਿ ਐਪਲੀਕੇਸ਼ਨ ਮਿਲਣ ਤੋਂ ਬਾਅਦ ਇੱਕ ਮਹੀਨੇ ਦੀ ਸਮਾਂ ਸੀਮਾਂ ਨਿਰਧਾਰਤ ਕਰ ਕੇ ਦਿੱਤੇ ਜਾਣ।

ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦੇ ਸੰਬੰਧ 'ਚ ਜਾਗਰੂਕਤਾ ਕੈਂਪ

ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ) ਅੱਜ ਅੰਤਰਰਾਸਟਰੀ ਨਸਾ ਵਿਰੋਧੀ ਦਿਵਸ ਦੇ ਸਬੰਧ ਵਿਚ ਜ਼ਿਲ੍ਹਾ ਸਾਂਝ ਕੇਂਦਰ ਦੇ ਮੁਲਾਜਮਾਂ ਅਤੇ ਟ੍ਰੈਫਿਕ ਪੁਲਿਸ ਵੱਲੋ ਐਸ ਐਸ ਪੀ ਸੰਦੀਪ ਗਰਗ ਦੀਆਂ ਹਦਾਇਤਾਂ ਤੇ, ਜ਼ਿਲ੍ਹੇ ਭਰ ਵਿੱਚ ਵੱਖ-ਵੱਖ ਥਾਵਾਂ ਤੇ ਜਾਗਰੂਕਤਾ ਸੈਮੀਨਾਰ ਲਗਾ ਕੇ, ਆਮ ਲੋਕਾਂ ਨੂੰ ਅਤੇ ਮਹਿੰਦਰਾ ਕੰਪਨੀ ਇੰਡਸਟਰੀ ਏਰੀਆ ਫੇਜ 7 ਦੇ ਵਰਕਰਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਟਰੈਫਿਕ ਨਿਯਮਾਂ ਬਾਰੇ ਤੇ ਵਾਤਾਵਰਣ ਦੀ ਸੁਰੱਖਿਆ ਬਾਰੇ ਵੀ ਵਿਸਤਾਰਪੂਰਵਕ ਜਾਣਕਾਰੀ ਦਿੱਤੀ ਗਈ। ਲੋਕਾਂ ਨੂੰ

ਲਾਲ ਬੱਤੀ ਦੀ ਉਲੰਘਣਾ ਨਾ ਕਰਨ ਬਾਰੇ, ਵਾਹਨਾਂ ਨੂੰ ਸੜਕ ਤੇ ਖੜਾ ਕਰਨ ਦੀ ਬਜਾਏ ਸਹੀ ਥਾਂ ਤੇ ਪਾਰਕਿੰਗ ਕਰਨ ਬਾਰੇ, ਖੱਬੇ-ਸੱਜੇ ਮੁੜਨ ਵੇਲੇ ਇੰਡੀਕੇਟਰ ਦੀ ਵਰਤੋਂ ਕਰਨ ਬਾਰੇ, ਕਿਸੇ ਵੀ ਤਰ੍ਹਾਂ ਦਾ ਨਸਾ ਕਰਕੇ ਕੋਈ ਵੀ ਵਾਹਨ ਨਾ ਚਲਾਉਣ ਬਾਰੇ, ਬੁਲਟ ਮੋਟਰਸਾਇਕਲ ਤੇ ਪਟਾਕੇ ਨਾ ਮਾਰਨ ਬਾਰੇ, ਕਿਸੇ ਵੀ ਬੁਲਟ-ਮੋਟਰਸਾਇਕਲ ਦੇ ਸਾਇਲੰਸਰ ਮੌਡੀਫਾਈ ਨਾ ਕਰਵਾਉਣ ਬਾਰੇ, ਐਮਰਜੈਂਸੀ ਵਾਹਨਾਂ ਨੂੰ ਪਹਿਲ ਦੇ ਅਧਾਰ ਤੇ ਰਸਤਾ ਦੇਣ ਬਾਰੇ, ਗਲਤ ਪਾਸੇ ਓਵਰ ਟੇਕ ਨਾ ਕਰਨ ਬਾਰੇ ਅਤੇ ਵਾਹਨਾਂ ਤੇ ਹਾਈ ਸਿਕਿਓਰਿਟੀ ਨੰਬਰ ਪਲੇਟਾਂ ਲਗਵਾਉਣ ਅਤੇ ਰਿਫਲੈਕਟਰ ਟੇਪ ਲਗਾਉਣ ਦੀ ਅਪੀਲ ਕੀਤੀ ਗਈ। ਇਸ ਤੋਂ ਇਲਾਵਾ ਪੁਲਿਸ ਤੋਂ ਮਦਦ ਲਈ ਹੇਲਪਲਾਇਨ ਨੰਬਰ 181ਤੇ ਕਾਲ ਕਰਨ ਬਾਰੇ, ਪੁਲਿਸ ਕੰਟਰੋਲ ਰੂਮ 112 ਤੇ ਕਾਲ ਕਰਨ ਬਾਰੇ ਜਾਣਕਾਰੀ ਦਿੱਤੀ ਗਈ।

ਜ਼ਿਲ੍ਹਾ ਸਿਹਤ ਅਫਸਰ ਨੇ ਸ਼ਹਿਰ 'ਚ ਘਿਓ ਤੇ ਆਈਸ ਕਰੀਮ ਦੇ 10 ਸੈਂਪਲ ਲਏ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) ਖਾਣ-ਪੀਣ ਵਾਲੀਆਂ ਵਸਤਾਂ ਵਿੱਚ ਮਿਲਾਵਟਖੋਰੀ ਵਿਰੁੱਧ ਵਿੱਢੀ ਮੁਹਿਮ ਨੂੰ ਜਾਰੀ ਰੱਖਦਿਆਂ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਘਿਓ ਅਤੇ ਆਈਸ ਕਰੀਮ ਦੇ 10 ਸੈਂਪਲ ਲਏ ਗਏ। ਜ਼ਿਲ੍ਹਾ ਸਿਹਤ ਅਫਸਰ ਡਾ. ਗੀਮਾ ਜੌਮੂ ਨੇ ਦੱਸਿਆ ਕਿ ਸਿਹਤ ਟੀਮਾਂ ਵੱਲੋਂ ਅਵਤਾਰ ਨਗਰ, ਗੜ੍ਹਾ ਰੋਡ, 66 ਫੁੱਟੀ ਰੋਡ, ਮਿੱਠਾਪੁਰ ਰੋਡ ਸਥਿਤ ਖਾਣ-ਪੀਣ ਵਾਲੇ ਸਮਾਨ ਦੀਆਂ ਦੁਕਾਨਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ, ਜਿਸ ਦੌਰਾਨ ਅਧਿਕਾਰੀਆਂ ਵੱਲੋਂ ਘਿਓ ਦੇ ਚਾਰ ਅਤੇ ਆਈਸ ਕਰੀਮ ਦੇ ਛੇ ਸੈਂਪਲ ਭਰੇ ਗਏ। ਡੀ.ਐਚ.ਓ. ਨੇ ਅੱਗੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਖਾਣ-ਪੀਣ ਵਾਲੀਆਂ ਵਸਤਾਂ ਵਿੱਚ ਮਿਲਾਵਟਖੋਰੀ ਵਿਰੁੱਧ ਵਿਸ਼ੇਸ਼ ਮੁਹਿਮ ਚਲਾਈ ਗਈ ਹੈ ਤਾਂ ਜੋ ਜ਼ਿਲ੍ਹੇ ਦੇ ਲੋਕਾਂ ਨੂੰ ਮਿਆਰੀ ਅਤੇ ਸਾਫ-ਸੁਥਰੇ ਖਾਧ ਪਦਾਰਥ ਮਿਲ ਸਕਣ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖਾਧ ਪਦਾਰਥਾਂ ਦੇ ਸੈਂਪਲ ਸਟੇਟ ਫੂਡ ਲੈਬਾਰਟਰੀ, ਪੰਜਾਬ ਨੂੰ ਭੇਜੇ ਜਾਣਗੇ ਅਤੇ

ਸੈਂਪਲਾਂ ਦੀ ਰਿਪੋਰਟ ਆਉਣ 'ਤੇ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਸੁਰੱਖਿਅਤ ਉਤਪਾਦਾਂ ਅਤੇ ਵਸਨੀਕਾਂ ਦੀ ਚੰਗੀ ਸਿਹਤ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਜ਼ਿਲ੍ਹੇ ਭਰ ਵਿੱਚ ਟੀਮਾਂ ਵੱਲੋਂ ਲਗਾਤਾਰ ਸੈਂਪਲਿੰਗ ਕੀਤੀ ਜਾ ਰਹੀ ਹੈ। ਡਾ. ਗੀਮਾ ਨੇ ਅੱਗੇ ਕਿਹਾ ਕਿ ਮਿਲਾਵਟਖੋਰੀ ਇਕ ਗੰਭੀਰ ਅਪਰਾਧ ਹੈ, ਜੋ ਲੋਕਾਂ ਦੀ ਸਿਹਤ ਲਈ ਖਤਰਾ ਪੈਦਾ ਕਰਦੀ ਹੈ, ਇਸ ਲਈ ਇਸ ਸਮੱਸਿਆ ਨਾਲ ਨਜਿੱਠਣ ਲਈ ਠੋਸ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਖਾਣ-ਪੀਣ ਵਾਲਾ ਸਾਮਾਨ ਵੇਚਣ ਵਾਲੇ ਅਦਾਰਿਆਂ ਨੂੰ ਐਫ.ਐਸ.ਐਸ.ਏ.ਆਈ. ਦੇ ਮਾਪਦੰਡਾਂ ਅਨੁਸਾਰ ਭੋਜਨ ਉਤਪਾਦਾਂ ਦੀ ਵਿਕਰੀ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਖਾਣ-ਪੀਣ ਵਾਲੇ ਸਮਾਨ ਦੀਆਂ ਸਾਰੀਆਂ ਦੁਕਾਨਾਂ ਵਿੱਚ ਐਫ.ਐਸ.ਐਸ.ਏ.ਆਈ. ਲਾਇਸੈਂਸ ਨੂੰ ਦਰਸਾਉਣਾ ਲਾਜਮੀ ਹੈ, ਇਸ ਲਈ ਸਾਰੇ ਫੂਡ ਆਊਟਲੈਟ ਮਾਲਕਾਂ ਨੂੰ ਇਨ੍ਹਾਂ ਨਿਯਮਾਂ ਦਾ ਪਾਲਣਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਸੈਂਪਲ ਲਏ ਜਾਣਗੇ।

ਨੁੱਕੜ ਨਾਟਕਾਂ ਰਾਹੀਂ ਲੋਕਾਂ ਨੂੰ ਨਸ਼ਿਆਂ ਵਿਰੁੱਧ ਕੀਤਾ ਜਾਗਰੂਕ

ਫਗਵਾੜਾ-ਕਪੂਰਥਲਾ (ਰਮਨ ਸ਼ਰਮਾ)-ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵਲੋਂ ਨਹਿਰੂ ਯੁਵਾ ਕੇਂਦਰ ਨਾਲ ਮਿਲ ਕੇ ਕੌਮਾਂਤਰੀ ਨਸ਼ਾ ਵਿਰੋਧੀ ਦਿਵਸ 'ਤੇ ਨਸ਼ਿਆਂ ਦੀ ਦੁਰਵਰਤੋਂ ਪੈਦਾ ਹੋਣ ਵਾਲੇ ਖਤਰਿਆਂ ਪ੍ਰਤੀ ਲੋਕਾਂ ਵਿਚ ਜਾਗੂਰਕਤਾ ਪੈਦਾ ਕਰਨ ਦੇ ਆਸ਼ੇ ਨਾਲ ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ । ਇਸ ਵਾਰ ਨਸ਼ਾ ਵਿਰੋਧੀ ਦਿਵਸ ਮਨਾਉਣ ਦਾ ਥੀਮ " ਪਹਿਲਾਂ ਲੋਕ ਨਸ਼ਿਆਂ ਦੀ ਅਲਾਮਤ ਤੇ ਵਿਤਕਰੇ ਨੂੰ ਰੋਕਣ, ਫ਼ਿਰ ਰੋਕਥਾਮ ਨੂੰ ਮਜ਼ਬੂਤ ਕਰੋ"। ਇਸ ਪ੍ਰੋਗਰਾਮ ਦਾ ਉਦੇਸ਼ ਮਾਪਿਆਂ ਨੂੰ ਇਹ ਦੱਸਣਾ ਸੀ ਕਿ ਬੱਚਿਆਂ ਦੀ ਦੇਖਭਾਲ ਲਈ ਦੋਸਤ ਵਾਂਗ ਕਿਵੇਂ ਗਾਇਡ ਕਰਨ। ਇਸ ਮੌਕੇ ਨਹਿਰੂ ਯੁਵਾ ਕੇਂਦਰ ਦੇ ਕਲਾਕਾਰਾਂ ਵੱਲੋਂ ਨੁੱਕੜ ਨਾਟਕਾਂ ਰਾਹੀਂ ਲੋਕਾਂ ਨੂੰ ਨਸ਼ਿਆ ਦੇ ਵਿਰੁੱਧ ਲਾਮਬੰਦ ਗਿਆ। ਨੁੱਕੜ ਨਾਟਕਾਂ ਨੇ ਇਸ ਚਿੰਤਾਜਨਕ ਵਿਸ਼ੇ 'ਤੇ ਚਾਨਣਾ ਪਾਇਆ ਅਤੇ ਨਸ਼ਿਆਂ ਦੀ ਰੋਕਥਾਮ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਨਾਟਕਾਂ ਰਾਹੀਂ ਖਾਸ ਕਰਕੇ ਨੌਜਵਾਨਾਂ ਨੂੰ ਪ੍ਰਤੀ ਜਾਗਰੂਕ ਕਰਨ ਦਾ ਸ਼ਕਤੀਸ਼ਾਲੀ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਸਾਇੰਸ ਸਿਟੀ ਡਾਇਰੈਕਟਰ ਡਾ. ਰਾਜੇਸ਼ ਗਰੇਵਰ ਨੇ ਕਿਹਾ ਕਿ ਨਸ਼ੇ ਦੀ ਲਤ ਮਨੁੱਖਤਾ ਲਈ ਬਹੁਤ ਘਾਤਕ ਅਤੇ ਨੌਜਵਾਨਾਂ ਦੀ ਤੰਦਰੁਸਤੀ ਜ਼ਹਿਰੀਲਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾ ਸਿਰਫ਼ ਇਕ ਵਿਅਕਤੀ ਲਈ ਹੀ ਨੁਕਸਾਨਦੇਹ ਸਗੋਂ ਪਰਵਾਰ ਅਤੇ ਸਮਾਜ ਲਈ ਵੀ ਗੰਭੀਰ ਸੱਮਸਿਆ ਬਣੀ ਹੋਈ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਸ਼ਾ ਤਸਕਰੀ ਅਤੇ ਨਸ਼ੀਲੇ ਪਾਦਰਥਾਂ ਦੀ ਦੁਰਵਰਤੋਂ ਨਾਲ ਨਜਿੱਠਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਪਰ ਸਮਾਜ ਵੀ ਇਸ ਵਿਚ ਵੱਡਾ ਯੋਗਦਾਨ ਪਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮੀਡੀਆ ਵੀ ਨਸ਼ੀਲੇ ਪਾਦਰਥਾਂ ਦੀ ਵਰਤੋਂ ਨਾਲ ਹੋਣ ਵਾਲੇ ਖਤਰਿਆਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਿਚ ਅਹਿਮ ਭੂਮਿਕਾ ਨਿਭਾਅ ਸਕਦਾ ਹੈ। ਇਸ ਮੌਕੇ ਜ਼ਿਲਾ ਯੂਥ ਅਧਿਕਾਰੀ, ਕਪੂਰਥਲਾ ਡਾ. ਗਗਨਦੀਪ ਕੌਰ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਨੁੱਕੜ ਨਾਟਕ ਇਕ ਅਜਿਹਾ ਤਰੀਕਾ ਜਿਨ੍ਹਾਂ ਰਾਹੀਂ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਨਸ਼ਿਆਂ ਦੀ ਲਤ ਪ੍ਰਤੀ ਜਾਗਰੂਕ ਕੀਤਾ ਜਾ ਸਕਦਾ ਹੈ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਅ ਕੇ ਰੱਖਣ।

ਨੰਗਲ ਫਲਾਈ ਓਵਰ ਮੁਕੰਮਲ ਕਰਕੇ ਜਲਦੀ ਲੋਕ ਅਰਪਣ ਕਰਾਂਗੇ : ਹਰਜੋਤ ਬੈਂਸ

ਨੰਗਲ (ਸੁਰਜੀਤ ਸਿੰਘ)-ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਕਿਹਾ ਕਿ ਨੰਗਲ ਦੇ ਫਲਾਈ ਓਵਰ ਦਾ ਕੰਮ ਜਲਦੀ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਫਲਾਈ ਓਵਰ ਜੁਲਾਈ 2020 ਵਿੱਚ ਮੁਕੰਮਲ ਹੋਣਾ ਸੀ ਜੋ ਕਿ ਸਮੇਂ ਦੀਆਂ ਸਰਕਾਰਾਂ ਤੇ ਸਥਾਨਕ ਨੁਮਾਇੰਦੀਆਂ ਦੀ ਲਾਪਰਵਾਹੀ ਕਾਰਨ ਹੁਣ ਤੱਕ ਲਟਕ ਰਿਹਾ ਹੈ, ਪ੍ਰੰਤੂ ਅਸੀਂ ਇਹ ਫਲਾਈ ਓਵਰ ਅਗਲੇ ਕੁਝ ਦਿਨਾਂ ਵਿੱਚ ਲੋਕ ਅਰਪਣ ਕਰ ਦਵਾਂਗੇ। ਉਨ੍ਹਾਂ ਨੇ ਕੁਸ਼ਟ ਆਸ਼ਰਮ ਦੇ ਵਾਸੀਆਂ ਦਾ ਵੀ ਧੰਨਵਾਦ ਕੀਤਾ ਜ਼ਿਨ੍ਹਾਂ ਨੂੰ ਇਸ ਫਲਾਈ ਓਵਰ ਕਾਰਨ ਵੱਡੀਆਂ ਔਕੜਾਂ ਝੱਲਣੀਆਂ ਪਈਆਂ ਪ੍ਰੰਤੂ ਉਨ੍ਹਾਂ ਨੇ ਪੂਰਾ ਸਹਿਯੋਗ ਦਿੱਤਾ। ਬੀਤੀ ਸ਼ਾਮ ਨੰਗਲ ਵਿੱਚ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਿੱਖਿਆ ਮੰਤਰੀ ਨੇ ਕਿਹਾ ਕਿ 75 ਸਾਲ

ਦੌਰਾਨ ਰਵਾਇਤੀ ਸਿਆਸੀ ਪਾਰਟੀਆਂ ਨੇ ਇਸ ਹਲਕੇ ਨੂੰ ਬੁਨਿਆਦੀ ਸਹੂਲਤਾਂ ਤੋਂ ਸੱਖਣਾ ਰੱਖਿਆ। ਸਿੱਖਿਆ ਮੰਤਰੀ ਨੇ ਕਿਹਾ ਕਿ ਨੰਗਲ ਵਿੱਚ ਸਰਕਾਰੀ ਸੀਨੀ.ਸੈਕੰ.ਸਕੂਲਾਂ ਲੜਕੇ ਅਤੇ ਲੜਕੀਆਂ ਦੀ ਨੁਹਾਰ ਬਦਲਣ ਲਈ 5-5 ਕਰੋੜ ਰੁਪਏ, ਦੋਨੋ ਆਈ.ਟੀ.ਆਈਜ਼ ਲੜਕੇ ਅਤੇ ਲੜਕੀਆਂ ਨੂੰ ਢਾਈ ਕਰੋੜ ਰੁਪਏ ਅਤੇ ਸ਼ਿਵਾਲਿਕ ਕਾਲਜ ਨੰਗਲ ਨੂੰ 2 ਕਰੋੜ ਰੁਪਏ ਦੇ ਕੇ ਨੁਹਾਰ ਬਦਲੀ ਜਾ ਰਹੀ ਹੈ। ਸਰਕਾਰੀ ਸਕੂਲ ਦਾ ਨਾਮ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੇ ਨਾਂਅ 'ਤੇ ਰੱਖਿਆ ਹੈ। ਹਰਜੋਤ ਬੈਂਸ ਨੇ ਕਿਹਾ ਕਿ ਮਾਤਾ ਜਲਫਾ ਦੇਵੀ ਮੰਦਿਰ ਨੂੰ ਜਾਣ ਵਾਲੀ ਸੜਕ ਦਾ ਕੰਮ ਮੁਕੰਮਲ ਹੋ ਚੁੱਕਾ ਹੈ, ਜਿਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਨੇ ਕਿਹਾ ਕਿ 9 ਜੁਲਾਈ ਨੂੰ ਸ੍ਰੀ ਅਨੰਦਪੁਰ ਸਾਹਿਬ ਵਿੱਚ ਵੱਡਾ ਰੋਜਗਾਰ ਮੇਲਾ ਲਗਾਇਆ ਜਾਵੇਗਾ। ਨਰਿੰਦਰਜੀਤ ਸਿੰਘ, ਨਿੰਦੀ ਪਰਮਜੀਤ ਸਿੰਘ, ਸੁਖਵਿੰਦਰ ਸਿੰਘ,ਸੰਨੀ ਧੈਰਾਰਿਯਾ , ਨਵੀਨ ਕੁਮਾਰ, ਸੁਰਿੰਦਰ ਕੁਮਾਰ,ਅਮਰੀਕ ਸਿੰਘ, ਹਰਮਿੰਦਰ ਕੁਮਾਰ ਬੰਟੀ, ਸੁਰੇਸ਼ ਕੁਮਾਰ ਮਨਮੋਹਨ ਸਿੰਘ ਪਟਵਾਰੀ, ਰਛਪਾਲ ਰਾਣਾ ਨੇ ਕੈਬਨਿਟ ਮੰਤਰੀ ਹਰਜੋਤ ਬੈਂਸ ਦਾ ਵਿਸ਼ੇਸ਼ ਸਨਮਾਨ ਕੀਤਾ।

ਇਸ ਮੌਕੇ ਡਾ.ਸੰਜੀਵ ਗੌਤਮ, ਸੋਹਣ ਸਿੰਘ ਬੈਂਸ, ਰਾਮ ਕੁਮਾਰ ਮੁਕਾਰੀ ਇੰਮਪਰੂਵਮੈਂਟ ਟੱਸਟ ਨੰਗਲ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਹੈਪੀ ਰੰਧਾਵਾ, ਬਚਿੱਤਰ ਸਿੰਘ ਬੈਸ, ਰੋਹਿਤ ਕਾਲੀਆ ਟਰੱਕ ਯੂਨੀਅਨ ਪ੍ਰਧਾਨ, ਠੇਕੇਦਾਰ ਜੱਗਾ ਬਹਿਲੂ, ਦਲਜੀਤ ਸਿੰਘ ਕਾਕਾ ਨਾਨਗਰਾਂ ਹਾਜ਼ਰ ਸਨ।

ਕੈਬਨਿਟ ਮੰਤਰੀ ਨੇ ਵਾਰਡ 31 ਤੇ 42 'ਚ ਸ਼ੁਰੂ ਕਰਵਾਏ ਵਿਕਾਸ ਕਾਰਜ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸ਼ਹਿਰ ਦੇ ਵਾਰਡਾਂ ਵਿਚ ਸਾਰੀਆਂ ਬੁਨਿਆਦੀ ਸੁਵਿਧਾਵਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ, ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ

28-JUNE-PAGE-10.qxd 6/27/2023 9:28 PM Page 1

ਸਰਕਾਰ ਨੇ ਨਾਦਰਸ਼ਾਹੀ ਫੁਰਮਾਨ ਵਾਪਸ ਨਾ ਲਿਆ ਤਾਂ ਤਿੱਖਾ ਸੰਘਰਸ਼ ਹੋਵੇਗਾ : ਸਿਕੰਦਰ ਸਿੰਘ/ਕੁਲਵੰਤ ਤਰਕ

ਸਮਰਾਲਾ (ਸੁਰਜੀਤ ਸਿੰਘ) ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਰਾਜ ਦੇ ਸੇਵਾ ਮੁਕਤ ਕਰਮਚਾਰੀਆਂ ਦੀਆਂ ਤਨਖਾਹਾਂ ਤੇ ਪੈਨਸ਼ਨਾਂ ਵਿੱਚ ਦੋ ਸੌ ਰੁਪੈ ਦੀ ਕਟੌਤੀ ਦਾ ਨੋਟੀਫਿਕੇਸ਼ਨ ਜਾਰੀ ਕਰਨ 'ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਉਬਾਲ ਆ ਗਿਆ ਹੈ। ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿੱਚ ਸਰਕਾਰ ਖਿਲਾਫ ਰੋਸ ਮੁਜ਼ਾਹਰੇ ਹੋ ਰਹੇ ਹਨ ਤੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਜਾ ਰਹੀਆਂ ਹਨ। ਏਥੇ ਬਿਜਲੀ ਮਹਿਕਮੇ ਦੇ ਸੇਵਾਮੁਕਤ ਕਰਮਚਾਰੀਆਂ ਤੇ ਪੰਜਾਬ ਦੇ ਪੈਨਸ਼ਨਰ ਮਹਾਂਸੰਘ ਦੇ ਆਗੂਆਂ ਨੇ ਇਕੱਤਰ ਹੋ ਕੇ ਪੰਜਾਬ ਸਰਕਾਰ ਵਿਰੁੱਧ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ। ਪੈਨਸ਼ਨਰ ਮਹਾਂਸੰਘ ਦੇ ਆਗੂ ਕੁਲਵੰਤ ਤਰਕ ਤੇ ਪਾਵਰਕੌਮ ਦੇ ਸਮਰਾਲਾ ਮੰਡਲ ਦੇ ਪ੍ਰਧਾਨ ਸਿਕੰਦਰ ਸਿੰਘ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਹ ਨਾਦਰਸ਼ਾਹੀ ਫੁਰਮਾਨ ਵਾਪਸ ਨਾ ਲਿਆ ਤਾਂ ਤਿੱਖਾ ਸੰਘਰਸ਼ ਹੋਵੇਗਾ। ਉਨ੍ਹਾਂ ਕਿਹਾ ਕਿ ਸੇਵਾਮੁਕਤ ਕਾਮੇ ਇਕੱਠੇ ਹੋ ਕੇ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰਨਗੇ।

ਉਨ੍ਹਾਂ ਕਿਹਾ ਕਿ ਇਸ ਨਾਦਰਸ਼ਾਹੀ ਫਰਮਾਨ ਵਿਰੁੱਧ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਤੇ ਸੇਵਾ ਮੁਕਤ ਕਾਮਿਆਂ ਵਿੱਚ ਭਾਰੀ ਰੋਸ ਹੈ। ਇਸ ਦੇ ਵਿਰੋਧ ਵਿੱਚ ਸਮੂਹ ਪੈਨਸ਼ਨਰਾਂ ਅੰਦਰ ਗੁੱਸੇ ਦੀ ਪ੍ਰਚੰਡ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਪੈਨਸ਼ਨਰ ਮਹਾਂਸੰਘ ਦੇ ਆਗੂ ਕੁਲਵੰਤ ਤਰਕ ਤੇ ਪੈਨਸ਼ਨਰ ਐਸੋਸੀਏਸ਼ਨ ਦੇ ਮੰਡਲ ਪ੍ਰਧਾਨ ਸਿਕੰਦਰ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਰਕਾਰ ਪੈਨਸ਼ਨਰਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਉਨ੍ਹਾਂ ਦੀ ਕਟੌਤੀ ਕਰ ਰਹੀ ਹੈ। ਮੰਡਲ ਪ੍ਰਧਾਨ ਸਿਕੰਦਰ ਸਿੰਘ ਨੇ ਕਿਹਾ ਕਿ ਸਰਕਾਰ ਨੇ ਕਈ ਵਾਰੀ ਮੀਟਿੰਗਾਂ ਵਿੱਚ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ 'ਤੇ ਸਹਿਮਤੀ ਪ੍ਰਗਟ ਕਰਦੇ ਹੋਏ ਯਕੀਨ ਦਿਵਾਇਆ ਸੀ ਕਿ ਜਲਦੀ ਹੀ ਲਾਗੂ ਕਰ ਦਿੱਤੀਆਂ ਜਾਣਗੀਆਂ, ਪ੍ਰੰਤੂ ਉਲਟਾ ਮੰਗਾਂ ਮੰਨਣ ਦੀ ਬਜਾਏ ਇਹ ਨਾਦਰਸ਼ਾਹੀ ਫੁਰਮਾਨ ਜਾਰੀ ਕਰਕੇ ਪੈਨਸ਼ਨਰਾਂ ਦੀਆਂ ਜੇਬਾਂ ਵਿੱਚੋਂ 2400 ਰੁਪਏ ਪ੍ਰਤੀ ਸਾਲਾਨਾ ਵਿਕਾਸ ਫੰਡ ਦੇ ਨਾਂ 'ਤੇ ਜਜੀਆ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨਾ ਮੰਨੀਆਂ ਤੇ ਇਹ ਨਾਦਰਸ਼ਾਹੀ ਫਰਮਾਨ ਵਾਪਸ ਨਾ ਲਿਆ ਗਿਆ ਤਾਂ 10 ਜੁਲਾਈ ਨੂੰ ਘੁਲਾਲ ਮੰਡਲ ਵਿਖੇ ਵਿਸ਼ਾਲ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਇਸ ਤੋਂ ਉਪਰੰਤ ਰੋਪੜ ਵਿਖੇ 9 ਅਗਸਤ ਨੂੰ ਸਰਕਲ ਪੱਧਰ ਦਾ ਰੋਸ ਮੁਜ਼ਾਹਰਾ ਕੀਤਾ ਜਾਵੇਗਾ ਤੇ ਅਗਸਤ ਦੇ ਅਖੀਰ ਜਾਂ ਸਤੰਬਰ ਦੇ ਸ਼ੁਰੂ 'ਚ ਪਟਿਆਲਾ ਵਿਖੇ ਪੰਜਾਬ ਪੱਧਰ ਦਾ ਵਿਸ਼ਾਲ ਧਰਨਾ ਦਿੱਤਾ ਜਾਵੇਗਾ।

ਇਸ ਰੋਸ ਮੁਜ਼ਾਹਰੇ ਨੂੰ ਵੱਖ ਵੱਖ ਆਗੂਆਂ ਨੇ ਸੰਬੋਧਨ ਕੀਤਾ, ਜਿਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਇੰਜ: ਪ੍ਰੇਮ ਸਿੰਘ ਸਾਬਕਾ ਐੱਸ. ਡੀ. ਓ., ਇੰਜ: ਸੁਖਦਰਸ਼ਨ ਸਿੰਘ ਸਕੱਤਰ, ਇੰਜ: ਜੁਗਲ ਕਿਸ਼ੋਰ ਸਾਹਨੀ ਸਹਾਇਕ ਸਕੱਤਰ, ਇੰਜ: ਦਰਸ਼ਨ ਸਿੰਘ ਵਿੱਤ ਸਕੱਤਰ, ਦਰਸ਼ਨ ਸਿੰਘ ਕੋਟਾਲਾ, ਜਗਤਾਰ ਸਿੰਘ ਪ੍ਰੈੱਸ ਸਕੱਤਰ, ਪ੍ਰੇਮ ਕੁਮਾਰ ਸਰਕਲ ਆਗੂ, ਪ੍ਰੇਮ ਚੰਦ ਭਲਾ ਲੋਕ, ਪਵਨ ਬਠਲਾ, ਮਨਮੋਹਣ ਸਿੰਘ ਜੱਗੀ, ਜਗਤਾਰ ਸਿੰਘ, ਕਸ਼ਮੀਰੀ ਲਾਲ, ਪਾਲ ਸਿੰਘ ਪਪੜੋਦੀ, ਕੁਲਵੰਤ ਸਿੰਘ ਤਰਕ ਆਦਿ ਸ਼ਾਮਲ ਸਨ। ਇਸ ਤੋਂ ਇਲਾਵਾ ਰੋਸ ਧਰਨੇ ਵਿੱਚ ਵੱਡੀ ਗਿਣਤੀ 'ਚ ਪੈਨਸ਼ਨਰ ਹਾਜ਼ਰ ਹੋਏ।

ਬਸੀ ਪਠਾਣਾ 'ਚ ਪੈਂਦੀਆਂ ਸੜਕਾਂ ਦੀ ਛੇਤੀ ਕਰਵਾਈ ਜਾਵੇਗੀ ਰਿਪੇਅਰ : ਐੱਸ ਡੀ ਓ

ਬਸੀ ਪਠਾਣਾ/ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਲੋਕ ਨਿਰਮਾਣ ਵਿਭਾਗ ਬਸੀ ਪਠਾਣਾ ਦੇ ਐੱਸ.ਡੀ.ਓ. ਸ੍ਰ. ਗਗਨਦੀਪ ਸਿੰਘ ਨੇ ਬਸੀ ਪਠਾਣਾ ਦੇ ਸ਼ਹਿਰੀ ਖੇਤਰਾਂ ਵਿੱਚ ਪੈਂਦੀਆਂ ਸੜਕਾਂ ਦੀ ਮਾੜੀ ਹਾਲਤ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਸ਼ਹਿਰ ਵਿਚਲੀਆਂ ਸੜਕਾਂ, ਜਿਨ੍ਹਾਂ ਵਿੱਚ ਸੰਤ ਨਾਮਦੇਵ ਰੋਡ, ਗੁੱਗਾ ਮਾੜੀ ਤੇ ਜੇਲ੍ਹ ਰੋਡ ਤੋਂ ਭਾਰੀ ਵਾਹਨਾਂ ਦੀ ਆਵਾਜਾਈ ਕਾਰਨ ਅਤੇ ਸੀਵਰੇਜ ਸਹੂਲਤ ਨਵੀਂ ਹੋਣ ਕਾਰਨ ਕੁਝ ਹਾਲਤ ਖਰਾਬ ਹੋ ਗਈ ਹੈ ਅਤੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਵਿਭਾਗ ਵੱਲੋਂ ਛੇਤੀ ਹੀ ਇਨ੍ਹਾਂ ਸੜਕਾਂ ਦੀ ਸਪੈਸ਼ਲ ਰਿਪੇਅਰ ਕਰਵਾਈ ਜਾਵੇਗੀ। ਐੱਸ.ਡੀ.ਓ. ਗਗਨਦੀਪ ਸਿੰਘ ਨੇ ਦੱਸਿਆ ਕਿ ਇਹ ਸੜਕਾਂ ਸਾਲ 2021 ਵਿੱਚ ਹੀ ਬਣੀਆਂ ਹਨ, ਪ੍ਰੰਤੂ ਸ਼ਹਿਰੀ ਖੇਤਰ ਵਿੱਚ ਭਾਰੀ ਵਾਹਨਾਂ ਦੀ ਆਵਾਜਾਈ ਹੋਣ ਕਾਰਨ ਸੜਕਾਂ ਦੀ ਹਾਲਤ ਖਰਾਬ ਹੋ ਗਈ। ਉਨ੍ਹਾ ਕਿਹਾ ਕਿ ਬਸੀ ਪਠਾਣਾ ਸ਼ਹਿਰ ਵਿੱਚ ਸੀਵਰੇਜ ਨਵਾਂ ਪਾਇਆ ਗਿਆ ਹੈ, ਜਿਸ ਕਾਰਨ ਸੜਕਾਂ ਦੀ ਪੁੱਟ ਪਟਾਈ ਹੋ ਗਈ, ਪ੍ਰੰਤੂ ਆਮ ਸ਼ਹਿਰੀਆਂ ਦੀਆਂ ਮੁਸ਼ਕਲਾਂ ਨੂੰ ਧਿਆਨ 'ਚ ਰੱਖਦੇ ਹੋਏ ਵਿਭਾਗ ਵੱਲੋਂ ਸਪੈਸ਼ਲ ਰਿਪੇਅਰ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਸ੍ਰ. ਗਗਨਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਮਿਆਰੀ ਸੜਕ ਸਹੂਲਤਾਂ ਦੇਣ ਦੇ ਮੰਤਵ ਨਾਲ ਵੱਡੇ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ, ਜਿਸ ਤਹਿਤ ਸੜਕਾਂ ਦੀ ਕਾਇਆ ਕਲਪ ਕਰਵਾਈ ਜਾ ਰਹੀ ਹੈ। ਉਨ੍ਹਾ ਕਿਹਾ ਕਿ ਇਹ ਸੜਕਾਂ ਨੂੰ ਬਣਿਆਂ ਬਹੁਤਾ ਸਮਾਂ ਨਹੀਂ ਹੋਇਆ, ਪ੍ਰੰਤੂ ਲੋਕਾਂ ਦੀਆਂ ਮੁਸ਼ਕਲਾਂ ਦਾ ਤੁਰੰਤ ਹੱਲ ਕਰਨ ਲਈ ਹੀ ਇਨ੍ਹਾਂ ਸੜਕਾਂ ਦੀ ਸਪੈਸ਼ਲ ਰਿਪੇਅਰ ਕਰਵਾਈ ਜਾਵੇਗੀ।

ਸਰਟੀਫਿਕੇਟ ਜਾਰੀ ਕਰਨ ਲਈ ਆਜ਼ਾਦੀ ਘੁਲਾਟੀਏ ਪਰਵਾਰ ਨੂੰ 12 ਸਾਲ ਤੋਂ ਕੀਤਾ ਜਾ ਰਿਹੈ ਜ਼ਲੀਲ

■ ਪਰਵਾਰ ਵੱਲੋਂ ਅਧਿਕਾਰੀਆਂ 'ਤੇ ਰਿਸ਼ਵਤ ਮੰਗਣ ਦੇ ਦੋਸ਼

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਇਲਾਕੇ ਦੇ ਉੱਘੇ ਸੁਤੰਤਰਤਾ ਸੰਗਰਾਮੀ ਫਕੀਰ ਚੰਦ ਜੀ ਦੇ ਪਰਿਵਾਰ ਨੂੰ ਲਗਾਤਾਰ 12 ਸਾਲ ਤੋਂ ਸੰਗਰੂਰ ਦਾ ਜ਼ਿਲ੍ਹਾ ਪ੍ਰਸ਼ਾਸਨ ਤਰ੍ਹਾਂ-ਤਰ੍ਹਾਂ ਦੇ ਉਨ੍ਹਾਂ ਦੇ ਬਿਨੈ-ਪੱਤਰ 'ਤੇ ਵਾਰੀ-ਵਾਰੀ ਇਤਰਾਜ਼ ਲਾ ਕੇ ਜਲੀਲ ਕਰ ਰਿਹਾ ਹੈ।

ਅਜ਼ਾਦੀ ਸੰਗਰਾਮੀ ਪਰਿਵਾਰ ਦਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਪੰਜਾਬ ਸਰਕਾਰ ਦੀਆਂ ਦਸਤਾਵੇਜ਼ਾਂ ਨਾਲ ਸਬੰਧਤ ਜੋ ਹਦਾਇਤਾਂ ਹਨ, ਉਹ ਪਰਿਵਾਰ ਵਧਵੇਂ ਰੂਪ ਵਿੱਚ ਕਈ ਵਾਰ ਪੂਰੀਆਂ ਕਰ ਚੁੱਕਿਆ ਹੈ। ਦੋ ਨਾਲ ਦੇ ਅਜ਼ਾਦੀ ਘੁਲਾਟੀਆਂ ਦੇ ਬਿਆਨ ਹਲਫੀਆ ਲਗਾਉਣੇ ਹੁੰਦੇ ਹਨ, ਪਰਿਵਾਰ ਦੋ ਦੀ ਥਾਂ ਚਾਰ ਤੋਂ ਹੁਣ ਤੱਕ ਛੇ (ਤਿੰਨ ਤਹਿਸੀਲਦਾਰ ਤੇ ਤਿੰਨ ਨੋਟਰੀ ਪਬਲਿਕ ਤੋਂ ਤਸਦੀਕ) ਬਿਆਨ ਹਲਫੀਆ ਜਮ੍ਹਾਂ ਕਰਵਾ ਚੁੱਕਾ ਹੈ। ਸੈਂਕੜੇ ਵਾਰ ਪਰਿਵਾਰ ਨਿੱਜੀ ਤੌਰ 'ਤੇ ਅਤੇ ਕਿੰਨੀ ਹੀ ਵਾਰ ਸੁਤੰਤਰਤਾ ਸੰਗਰਾਮੀ ਉੱਤਰਾਧਿਕਾਰੀ ਜਥੇਬੰਦੀਆਂ ਸਮੇਤ ਕਈ ਹੋਰ ਕਿਸਾਨ, ਮਜ਼ਦੂਰ ਜਥੇਬੰਦੀਆਂ ਇੱਕ ਵਫਦ ਦੇ ਰੂਪ ਵਿੱਚ ਡੀ. ਸੀ., ਏ. ਡੀ. ਸੀ. ਆਦਿ ਅਧਿਕਾਰੀਆਂ ਨੂੰ ਮਿਲ ਚੁੱਕੀਆਂ ਹਨ, ਪਰ ਮਸਲਾ ਹੱਲ ਹੋਣ ਦੀ ਥਾਂ ਉਲਟ 25000 ਰੁਪਏ ਕਥਿਤ ਰਿਸ਼ਵਤ ਦੀ ਮੰਗ ਕੀਤੀ ਜਾ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਆਉਣ 'ਤੇ ਲੋਕਾਂ ਨੂੰ ਉਮੀਦ ਸੀ ਕਿ ਮੁੱਖ ਮੰਤਰੀ ਅਨੁਸਾਰ ਆਮ ਆਦਮੀ ਦੀ ਗੱਲ ਇਨ੍ਹਾਂ ਵੱਡੇ ਵੱਡੇ ਦਫਤਰਾਂ ਵਿੱਚ ਸੁਣੀ ਜਾਵੇਗੀ, ਉਲਟਾ ਦੇਸ਼ ਲਈ ਕੁਰਬਾਨੀਆਂ ਦੇਣ ਵਾਲੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਤੋਂ ਪੈਸੇ ਦੀ ਮੰਗ ਕੀਤੀ ਜਾ ਰਹੀ ਹੈ। ਕਾਮਰੇਡ ਫਕੀਰ ਚੰਦ ਦੇ ਸਪੁੱਤਰ ਸੱਤਪਾਲ ਨੇ ਕਿਹਾ ਕਿ ਫਿਰ ਦਫਤਰਾਂ ਵਿੱਚ ਸ਼ਹੀਦ ਭਗਤ ਸਿੰਘ ਤੇ ਡਾ. ਅੰਬੇਡਕਰ ਵਰਗੀਆਂ ਮਹਾਨ ਸ਼ਖਸੀਅਤਾਂ ਦੀਆਂ ਫੋਟੋਆਂ ਲਗਾਉਣ ਦੀ ਕੀ ਤੁਕ ਰਹਿ ਜਾਂਦੀ ਹੈ? ਆਪਣੀ ਸੁਣਵਾਈ ਲਈ ਪਰਿਵਾਰ ਵੱਲੋਂ 21 ਮਈ 2023 ਨੂੰ ਭਾਰਤ ਦੇ ਰਾਸ਼ਟਰਪਤੀ, ਪੰਜਾਬ ਦੇ ਮੁੱਖ ਮੰਤਰੀ, ਰਾਜਪਾਲ, ਵਿੱਤ ਮੰਤਰੀ, ਮੰਤਰੀ ਅਮਨ ਅਰੋੜਾ (ਮੰਤਰੀ ਸੁਤੰਤਰਤਾ ਸੰਗਰਾਮੀ ਮਾਮਲੇ), ਡੀ. ਜੀ. ਪੀ. ਪੰਜਾਬ ਪੁਲਸ, ਵਿਜੀਲੈਂਸ, ਸਪੀਕਰ ਪੰਜਾਬ ਵਿਧਾਨ ਸਭਾ, ਮੁੱਖ ਸਕੱਤਰ, ਸਕੱਤਰ (ਫਰੀਡਮ ਫਾਈਟਰਜ਼), ਇਲਾਕੇ ਦੇ ਐੱਮ. ਪੀ. ਸਿਮਰਨਜੀਤ ਸਿੰਘ ਮਾਨ ਆਦਿ ਨੂੰ ਬਿਨੈ-ਪੱਤਰ ਪਾਏ ਗਏ, ਪਰ ਤਿੰਨ ਮਹੀਨੇ ਲੰਘ ਜਾਣ ਬਾਅਦ ਵੀ ਕੋਈ ਸੁਣਵਾਈ ਨਹੀਂ ਹੋਈ। ਪਰਿਵਾਰ ਤੇ ਇਲਾਕੇ ਦੀਆਂ ਸਮੂਹ ਜਥੇਬੰਦੀਆਂ ਨੇ ਤੁਰੰਤ ਸਰਟੀਫਿਕੇਟ ਜਾਰੀ ਕਰਨ ਤੇ ਰਿਸ਼ਵਤ ਮੰਗਣ ਵਾਲੇ ਅਧਿਕਾਰੀਆਂ ਖਿਲਾਫ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਕਾਤਰਾਂ

ਔਰਤ ਨਾਲ ਛੇੜਛਾੜ ਤੇ ਕੁੱਟਮਾਰ ਕਰਨ ਦੇ ਦੋਸ਼ 'ਚ 2 ਖਿਲਾਫ਼ ਮਾਮਲਾ ਦਰਜ

ਮਾਛੀਵਾੜਾ ਸਾਹਿਬ (ਸ਼ੌਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਪੁਲਸ ਵੱਲੋਂ ਇੱਕ ਵਿਆਹੁਤਾ ਔਰਤ ਗੀਨਾ (ਕਾਲਪਨਿਕ ਨਾਂ) ਦੀ ਸ਼ਿਕਾਇਤ ਦੇ ਅਧਾਰ 'ਤੇ ਉਸ ਨਾਲ ਛੇੜਛਾੜ ਤੇ ਕੁੱਟਮਾਰ ਕਰਨ ਦੇ ਕਥਿਤ ਦੋਸ਼ ਹੇਠ 2 ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਗੀਨਾ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੇ ਪਿੰਡ ਦਾ ਹੀ ਇੱਕ ਨੌਜਵਾਨ, ਜਿਸ ਨਾਲ ਉਸ ਦੀ ਪਿਛਲੇ ਦੋ-ਢਾਈ ਸਾਲ ਤੋਂ ਗੱਲਬਾਤ ਸੀ, ਜਿਸ ਨਾਲ ਉਸ ਦੇ ਸਰੀਰਕ ਸਬੰਧ ਵੀ ਬਣ ਗਏ। ਲੰਘੀ 21 ਜੂਨ ਨੂੰ ਉਸ ਦਾ ਪ੍ਰੇਮੀ ਰਾਤ ਕਰੀਬ 12.30 ਵਜੇ ਉਸ ਦੇ ਘਰ ਆਇਆ ਤੇ ਆਪਣੇ ਨਾਲ ਇੱਕ ਹੋਰ ਨੌਜਵਾਨ ਦੋਸਤ ਨੂੰ ਵੀ ਲੈ ਕੇ ਆਇਆ। ਸ਼ਿਕਾਇਤਕਰਤਾ ਔਰਤ ਅਨੁਸਾਰ ਉਸ ਦੇ ਪ੍ਰੇਮੀ ਨੇ ਕਿਹਾ ਕਿ ਜਿਸ ਤਰ੍ਹਾਂ ਤੂੰ ਮੇਰੇ ਨਾਲ ਸਰੀਰਕ ਸਬੰਧ ਬਣਾਏ ਹਨ, ਉਸ ਤਰ੍ਹਾਂ ਮੇਰੇ ਦੋਸਤ ਨਾਲ ਵੀ ਸਬੰਧ ਬਣਾ ਲੈ। ਫਿਰ ਮੇਰੇ ਪ੍ਰੇਮੀ ਨੇ ਮੈਨੂੰ ਮੋਢਿਆਂ ਤੋਂ ਫੜ ਲਿਆ ਅਤੇ ਮੈਨੂੰ ਧੱਕਾ ਮਾਰ ਦਿੱਤਾ, ਜਿਸ ਨਾਲ ਮੇਰੇ ਪਿੱਠ, ਪੱਟ ਤੇ ਸੱਜੇ ਪੈਰ 'ਤੇ ਸੱਟ ਵੱਜੀ। ਮੇਰੇ ਵੱਲੋਂ ਜਦੋਂ ਰੌਲਾ ਪਾਇਆ ਗਿਆ ਤਾਂ ਇਸ ਦੌਰਾਨ ਮੇਰਾ ਪਤੀ ਤੇ ਬੱਚੇ ਵੀ ਉੱਠ ਗਏ, ਜਿਸ ਕਾਰਨ ਇਹ ਮੌਕੇ ਤੋਂ ਭੱਜ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਵੰਤ ਸਿੰਘ ਨੇ ਦੱਸਿਆ ਕਿ ਪੀੜਤ ਔਰਤ ਦੇ ਬਿਆਨਾਂ ਦੇ ਅਧਾਰ 'ਤੇ 2 ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ, ਪਰ ਇਸ ਸਬੰਧੀ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ।

ਬੁੱਧ ਵਿਹਾਰ ਵਿਕਾਸ ਕਮੇਟੀ ਮੈਂਬਰ ਡਾ. ਗੁਰਚਰਨ ਸਿੰਘ ਸਵਰਗਵਾਸ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਬੁੱਧ ਵਿਹਾਰ ਨਿਵਾਸੀ ਅਤੇ ਬੁੱਧ ਵਿਹਾਰ ਵਿਕਾਸ ਕਮੇਟੀ ਦੇ ਸੀਨੀਅਰ ਮੈਂਬਰ ਡਾ. ਗੁਰਚਰਨ ਸਿੰਘ ਸੰਧੂ (53) ਪਿਛਲੇ ਦਿਨੀਂ ਅਚਾਨਕ ਅਕਾਲ ਚਲਾਣਾ ਕਰ ਗਏ ਹਨ। ਉਹ ਆਪਣੇ ਪਿੱਛੇ ਪਤਨੀ ਸੁਖਵਿੰਦਰ ਕੌਰ ਸੰਧੂ, ਪੁੱਤਰ ਰੋਬਿਨਪ੍ਰੀਤ ਸਿੰਘ ਸੰਧੂ ਤੇ ਨੂੰਹ ਰਾਣੀ ਮਨਪ੍ਰੀਤ ਕੌਰ ਸੰਧੂ ਛੱਡ ਗਏ ਹਨ। ਕਰੀਬ 53 ਕੁ ਸਾਲ ਪਹਿਲਾਂ ਪਿਤਾ ਜੀਤ ਸਿੰਘ ਤੇ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਜਨਮ ਲੈਣ ਵਾਲੇ ਸਵ. ਗੁਰਚਰਨ ਸਿੰਘ ਸੰਧੂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਿੱਚ ਬਤੌਰ ਡਿਪਟੀ ਮਾਸ ਮੀਡੀਆ ਅਫਸਰ ਤਾਇਨਾਤ ਸਨ। ਆਪਣੇ ਦੋ ਭਰਾ ਬਾਜ ਸਿੰਘ ਤੇ ਕਸ਼ਮੀਰ ਸਿੰਘ ਤੋਂ ਛੋਟੇ ਅਤੇ ਦੋ ਛੋਟੀਆਂ ਭੈਣਾਂ ਦਾ ਵੀਰ ਡਾ. ਗੁਰਚਰਨ ਸਿੰਘ ਸ਼ੁਰੂ ਤੋਂ ਹੀ ਵਧੀਆ ਖਿਡਾਰੀ ਰਿਹਾ ਹੈ ਤੇ ਕਈ ਸਾਲ ਸਪੋਰਟਸ ਕਲੱਬ ਰੁਪਾਣਾ ਦਾ ਪ੍ਰਧਾਨ ਵੀ ਰਿਹਾ ਹੈ। ਡਾ. ਗੁਰਚਰਨ ਸਿੰਘ ਸੰਧੂ ਦੀ ਬੇਵਕਤੀ ਮੌਤ 'ਤੇ ਬੁੱਧ ਵਿਹਾਰ ਵਿਕਾਸ ਕਮੇਟੀ ਦੇ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਸਮੇਤ ਇੰਜ. ਅਸ਼ੋਕ ਕੁਮਾਰ ਭਾਰਤੀ, ਸੁਨੀਲ ਜੱਗਾ, ਅਨਿਲ ਅਨੇਜਾ, ਸੁਰਿੰਦਰ ਸਿੰਘ, ਪ੍ਰੋ. ਰਾਜਵਿੰਦਰ ਗਿੱਲ, ਭਾਰਤ ਭੂਸ਼ਣ ਸਿੰਗਲਾ, ਜਗਦੀਸ਼ ਧਵਾਲ, ਸੰਦੀਪ ਸਿੰਘ, ਸੁਰੇਸ਼ ਬਾਂਸਲ, ਸਵ. ਐਡਵੋਕੇਟ ਗੁਰਿੰਦਰ ਸਿੰਘ ਭੰਡਾਰੀ ਦੇ ਸਮੁੱਚੇ ਪਰਿਵਾਰ, ਸੁਮੀਤ ਸਲੂਜਾ, ਰਮਨ ਕੁਮਾਰ, ਕੁਲਦੀਪ ਪੁਰੀ, ਇੰਸ. ਗੁਰਮੇਲ ਸਿੰਘ ਬਰਾੜ, ਹਰਦੀਪ ਸਿੰਘ ਸਦਿਉੜਾ, ਅਸ਼ੋਕ ਕੁਮਾਰ ਰਾਜੋਰੀਆ, ਮਦਨ ਲਾਲ, ਵਰੁਣ ਲਾਡੀ ਤੇ ਮੋਹਨ ਲਾਲ ਛਾਬੜਾ ਆਦਿ ਸਮੇਤ ਸਮੂਹ ਮੈਂਬਰਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਵ. ਡਾ. ਗੁਰਚਰਨ ਸਿੰਘ ਸੰਧੂ ਨਮਿਤ ਅੰਤਮ ਅਰਦਾਸ ਤੇ ਪਾਠ ਦਾ ਭੋਗ ਆਉਂਦੀ 02 ਜੁਲਾਈ ਨੂੰ ਉਨ੍ਹਾਂ ਦੇ ਜੱਦੀ ਪਿੰਡ ਰੁਪਾਣਾ ਦੇ ਗੁਰਦੁਆਰਾ ਸ੍ਰੀ ਗੁਰੂਸਰ ਸਾਹਿਬ ਵਿਖੇ ਦੁਪਹਿਰ ਦੇ 12:00 ਤੋਂ 1:00 ਵਜੇ ਤੱਕ ਪਵੇਗਾ।

ਭਰਤੀ ਹੋਣ ਦੇ ਚਾਹਵਾਨ ਲੜਕਿਆਂ ਨੂੰ ਦਿੱਤੀ ਜਾਵੇਗੀ ਮੁਫਤ ਸਿਖਲਾਈ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਪੰਜਾਬ ਸਰਕਾਰ ਦੇ ਰੋਜਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਜ਼ਿਲ੍ਹੇ ਅਧੀ

28-June-PAGE-11-Majha-23.qxd 6/27/2023 10:50 PM Page 1

ਭਿੱਖੀਵਿੰਡ ਤੋਂ ਚੰਡੀਗੜ੍ਹ ਲਈ ਸੀਟੀਯੂ ਦੀ ਏਸੀ ਬੱਸ ਸਰਵਿਸ ਸ਼ੁਰੂ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਵਿਧਾਨ ਸਭਾ ਹਲਕਾ ਖੇਮਕਰਨ 'ਚ ਪੈਂਦੇ ਪਿੰਡ ਦਿਆਲਪੁਰਾ ਦੇ ਜੰਮਪਲ ਜਸਵੰਤ ਸਿੰਘ ਜੱਸ ਜੋ ਚੰਡੀਗੜ੍ਹ ਗੌਰਮਿੰਟ ਟਰਾਂਸਪੋਰਟ ਵਰਕਰਜ ਯੂਨੀਅਨ ਦੇ ਪ੍ਰਧਾਨ ਹਨ, ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ ਵੱਲੋਂ ਭਿੱਖੀਵਿੰਡ ਤੋਂ ਚੰਡੀਗੜ੍ਹ ਲਈ ਏਸੀ ਬੱਸ ਸਰਵਿਸ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿਆਲਪੁਰਾ ਤੋਂ ਸਰਪੰਚ ਅੰਮ੍ਰਿਤਪਾਲ ਸਿੰਘ, ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਸਾਂਡਪੁਰਾ ਤੋਂ ਸਰਪੰਚ ਗੁਰਮੁੱਖ ਸਿੰਘ ਅਤੇ ਭਿੱਖੀਵਿੰਡ ਤੋਂ ਕੌਂਸਲਰ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਉਹ ਭਿੱਖੀਵਿੰਡ ਤੋਂ ਚੰਡੀਗੜ੍ਹ ਲਈ ਰੋਜਾਨਾ ਏਸੀ ਬੱਸ ਚਲਾਉਣ ਸੰਬੰਧੀ ਪ੍ਰਧਾਨ ਜਸਵੰਤ ਸਿੰਘ ਜੱਸ ਨਾਲ ਸੰਪਰਕ ਕਰਦੇ ਆ ਰਹੇ ਹਨ।

ਉਪਰੋਕਤ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪ੍ਰਧਾਨ ਜਸਵੰਤ ਸਿੰਘ ਜੱਸ ਦੀ ਅਗਵਾਈ ਹੇਠ ਕੀਤੀਆਂ ਕੋਸ਼ਿਸ਼ਾਂ ਸਦਕਾ ਯੂਟੀ ਪ੍ਰਸਾਸਨ ਵੱਲੋਂ ਭਿੱਖੀਵਿੰਡ ਅਤੇ ਆਸ-ਪਾਸ ਦੇ ਲੋਕਾਂ ਨੂੰ ਇਹ ਸਹੂਲਤ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਫਰ ਦੌਰਾਨ ਸੀਟੀਯੂ ਵੱਲੋਂ ਲੋਕਾਂ ਨੂੰ ਏਸੀ ਤੋਂ ਇਲਾਵਾ ਮੋਬਾਈਲ ਚਾਰਜਿੰਗ ਪੁਆਇੰਟ, ਰੀਡਿੰਗ ਲਾਈਟਾਂ ਅਤੇ ਹੋਰ ਅਨੇਕਾਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਇਸ ਮੌਕੇ ਹਲਕਾ ਖੇਮਕਰਨ ਤੋਂ ਵਿਧਾਇਕ ਸਰਵਨ ਸਿੰਘ ਧੁੰਨ ਦੇ ਪੀਏ ਹਰਜਿੰਦਰ ਸਿੰਘ ਬੁਰਜ ਤੇ ਕਾਂਗਰਸੀ ਆਗੂਆਂ ਨੇ ਬੱਸ ਡਰਾਈਵਰ ਰਵਿੰਦਰ ਸਿੰਘ, ਕੰਡਕਟਰ ਰਣਜੀਤ ਸਿੰਘ, ਪ੍ਰਧਾਨ ਜਸਵੰਤ ਸਿੰਘ ਜੱਸ, ਇੰਸਪੈਕਟਰ ਮਲਕੀਤ ਸਿੰਘ ਅਤੇ ਐੱਸ.ਐੱਸ. ਮਲਕੀਤ ਸਿੰਘ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਘੁਰਕਵਿੰਡ ਤੋਂ ਸਰਪੰਚ ਕੁਲਦੀਪ ਸਿੰਘ, ਕੌਂਸਲਰ ਯਾਦਵਿੰਦਰ ਸਿੰਘ, ਯਾਦਵਿੰਦਰ ਸਿੰਘ ਥੇਹ ਚਾਹਲ ਸਮੇਤ ਵੱਡੀ ਗਿਣਤੀ 'ਚ ਸ਼ਹਿਰ ਵਾਸੀ ਹਾਜ਼ਰ ਸਨ।

ਟਰਾਂਸਫਾਰਮਰ ਤੇ ਖੰਭੇ ਡਿੱਗਣ ਕਾਰਨ ਕੁੱਝ ਦਿਹਾਤੀ ਖੇਤਰਾਂ 'ਚ ਬਿਜਲੀ ਗੁੱਲ

ਮਜੀਠਾ (ਸੋਇਮ ਆਨੰਦ)-ਬੀਤੀ ਰਾਤ ਹੋਈ ਲਗਾਤਾਰ ਤੇਜ਼ ਬਰਸਾਤ ਅਤੇ ਹਨੇਰੀ ਨਾਲ ਬਿਜਲੀ ਦੇ ਅਨੇਕਾਂ ਟਰਾਂਸਫਰਮਰ ਅਤੇ ਪੋਲ ਡਿੱਗਣ ਕਾਰਣ ਖੇਤੀਬਾੜੀ ਅਤੇ ਰਿਹਾਇਸ਼ੀ ਇਲਾਕਿਆਂ ਦੀ ਬਿਜਲੀ ਦੀ ਸਪਲਾਈ ਕਾਫੀ ਪ੍ਰਭਾਵਿਤ ਰਹੀ। ਪਾਵਰਕਾਮ ਲਿਮ: ਦੇ ਮਜੀਠਾ 2 ਦੇ ਉਪ ਮੰਡਲ ਅਫਸਰ ਰਾਜੀਵ ਕੁਮਾਰ ਵਲੋਂ ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਦੇ ਅਧਿਕਾਰ ਖੇਤਰ ਅੰਦਰ ਆਉਂਦੇ ਵੱਖ-ਵੱਖ ਫੀਡਰਾਂ ਤੇ 4 ਟਰਾਂਸਫਰਮਰ ਅਤੇ ਕਰੀਬ 7 ਬਿਜਲੀ ਦੇ ਖੰਭੇ ਡਿੱਗੇ ਹਨ। ਉਨ੍ਹਾਂ ਦੱਸਿਆ ਕਿ ਤਿੰਨ ਟਰਾਂਸਫਰਮਰ ਅਤੇ ਦੋ ਖੰਭੇ ਹਮਜਾ ਫੀਡਰ ਤੇ ਦੋ ਟਰਾਂਸਫਰਮਰ ਮੱਧੀਪੁਰ ਫੀਡਰ ਤੇ ਇੱਕ ਸਿੰਗਲ ਫੇਜ਼ ਟਰਾਂਸਫਰਮਰ ਅਤੇ ਦੋ ਖੰਭੇ ਚਾਚੋਵਾਲੀ ਫੀਡਰਾਂ ਤੇ ਖੇਤਾਂ ਵਿਚ ਡਿੱਗੇ ਹਨ ਜਿਸ ਦਾ ਮੁੱਖ ਕਾਰਣ ਉਨ੍ਹਾਂ ਨੇ ਇੱਕ ਤਾਂ ਖੇਤਾਂ ਵਿਚ ਝੋਨੇ ਦੀ ਫਸਲ ਦੀ ਬਿਜਾਈ ਹੋਣ ਕਰਕੇ ਖੇਤਾਂ ਵਿਚ ਪਹਿਲਾਂ ਹੀ ਖੜਾ ਪਾਣੀ, ਦੂਸਰਾ ਭਾਰੀ ਬਰਸਾਤ ਅਤੇ ਤੇਜ਼ ਹਨੇਰੀ ਦੱਸਿਆ। ਉਨ੍ਹਾਂ ਦੱਸਿਆ ਕਿ ਰਿਹਾਇਸ਼ੀ ਖੇਤਰ ਦੀ 24 ਘੰਟੇ ਵਾਲੀ ਬਿਜਲੀ ਦੀ ਸਪਲਾਈ ਬਹਾਲ ਕਰ ਦਿੱਤੀ ਗਈ। ਦਿਹਾਤੀ ਖੇਤਰ ਦੇ ਕੁਝ ਇਲਾਕਿਆਂ ਦੀ ਸਪਲਾਈ ਬਹਾਲ ਹੋ ਗਈ ਹੈ ਤੇ ਬਾਕੀ ਜਿਹੜੇ ਇਲਾਕੇ ਦੇ ਟਰਾਂਸਫਰਮਰ ਜਾਂ ਖੰਭੇ ਡਿੱਗੇ ਹਨ ਉਹ

ਟਰਾਂਸਫਰਮਰ ਅਤੇ ਖੰਭੇ ਸਟੋਰ ਤੋਂ ਮੰਗਵਾ ਕੇ ਜਲਦੀ ਹੀ ਬਿਜਲੀ ਸਪਲਾਈ ਬਹਾਲ ਕਰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਦਫਤਰ ਵਿਚ ਤਕਨੀਕੀ ਸਟਾਫ ਦੀ ਵੱਡੀ ਘਾਟ ਬਿਜਲੀ ਸਪਲਾਈ ਵਿਚ ਦੇਰੀ ਦਾ ਮੁੱਖ ਕਾਰਣ ਹੈ ਫਿਰ ਵੀ ਘੱਟ ਮੁਲਾਜ਼ਮਾਂ ਨਾਲ ਵੀ ਉਹ ਪੂਰੀ ਜੱਦੋਜਹਿਦ ਨਾਲ ਬਿਜਲੀ ਸਪਲਾਈ ਜਲਦੀ ਬਹਾਲ ਕਰਾਉਣ ਲਈ ਯਤਨਸ਼ੀਲ ਹਨ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਬਹੁਤ ਜਲਦੀ ਬਿਜਲੀ ਦੀ ਸਪਲਾਈ ਬਹਾਲ ਕਰ ਦਿੱਤੀ ਜਾਵੇਗੀ।

ਮੈਡਲ ਜੇਤੂ ਹੋਣਹਾਰ ਬੱਚਿਆਂ ਭਗਤ ਪੂਰਨ ਸਿੰਘ ਸਕੂਲ ਦਾ ਨਾਂਅ ਰੁਸ਼ਨਾਇਆ

ਅੰਮ੍ਰਿਤਸਰ/ਮਾਨਾਂਵਾਲਾ (ਨਰਿੰਦਰਜੀਤ ਸਿੰਘ/ਮਨਦੀਪ ਸਿੰਘ ਜੰਮੂ)—ਪਿੰਗਲਵਾੜਾ ਮੁੱਖ ਦਫ਼ਤਰ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਡਾ. ਇੰਦਰਜੀਤ ਕੌਰ ਮੁੱਖ ਸੇਵਾਦਾਰ ਪਿੰਗਲਵਾੜਾ ਨੇ ਦੱਸਿਆ ਕਿ ਬਰਲਿਨ, ਜਰਮਨੀ ਵਿਖੇ 17 ਤੋਂ 25 ਜੂਨ, 2023 ਨੂੰ ਹੋਈਆਂ ਸਪੈਸ਼ਲ ਉਲੰਪਿਕ ਅੰਤਰਰਾਸ਼ਟਰੀ ਖੇਡਾਂ ਵਿੱਚ ਪਿੰਗਲਵਾੜੇ ਦੇ ਭਗਤ ਪੂਰਨ ਸਿੰਘ ਸਕੂਲ ਦੇ ਤਿੰਨ ਬੱਚਿਆਂ ਨੇ ਰੋਲਰ ਸਕੇਟਿੰਗ 'ਚ ਚਾਰ ਮੈਡਲ ਜਿੱਤ ਕੇ ਪਿੰਗਲਵਾੜਾ, ਪੰਜਾਬ ਅਤੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ।

ਇਨ੍ਹਾਂ ਵਿੱਚ ਮੁਹੰਮਦ ਨਿਸਾਰ ਨੇ ਸੋਨੇ ਦਾ ਮੈਡਲ, ਰੇਨੂੰ ਨੇ ਦੋ ਬਰੌਂਜ਼ ਮੈਡਲ ਅਤੇ ਸੀਤਾ ਨੇ ਇਕ ਬਰੌਂਜ਼ ਮੈਡਲ ਜਿੱਤਿਆ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਬਰਲਿਨ (ਜਰਮਨੀ) ਵਿਖੇ ਕੁੱਲ 193 ਦੇਸ਼ਾਂ ਵਿੱਚੋਂ 7,000 ਖਿਡਾਰੀਆਂ ਨੇ ਹਿੱਸਾ ਲਿਆ ਜਿਸ ਵਿੱਚ ਪੂਰੇ ਭਾਰਤ ਵਿੱਚੋਂ 198 ਖਿਡਾਰੀ ਸ਼ਾਮਿਲ ਹੋਏ ਜਿਨਾਂ ਨੇ 76 ਸੋਨੇ ਦੇ, 75 ਚਾਂਦੀ ਦੇ ਅਤੇ 51 ਬਰੌਂਜ਼ ਮੈਡਲ ਹਾਸਲ ਕੀਤੇ। ਪੰਜਾਬ ਵਿੱਚੋਂ 08 ਖਿਡਾਰੀ (03 ਸੋਨੇ ਦੇ ਮੈਡਲ, 01 ਚਾਂਦੀ ਦਾ ਮੈਡਲ, 04 ਬਰੌਂਜ਼ ਮੈਡਲ, ਕੁੱਲ 08 ਮੈਡਲ), ਭਗਤ ਪੂਰਨ ਸਿੰਘ ਸਪੈਸ਼ਲ ਸਕੂਲ ਵਿੱਚੋਂ 03 ਖਿਡਾਰੀਆਂ ਨੇ ਸ਼ਾਮਿਲ ਹੋ ਕੇ 04 ਮੈਡਲ ਪ੍ਰਾਪਤ ਕੀਤੇ। ਇਹ ਪਿੰਗਲਵਾੜੇ ਵਾਸਤੇ ਬਹੁਤ ਹੀ ਮਾਣ ਵਾਲੀ ਗੱਲ ਹੈ। ਉਨਾਂ ਨੇ ਪੰਜਾਬ ਸਰਕਾਰ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਦੇ ਉੱਦਮ ਸਦਕਾ ਹਰ ਸੋਨਾ ਮਾਡਲ ਜੇਤੂ ਨੂੰ 10 ਲੱਖ ਰੁਪਏ, ਚਾਂਦੀ ਮੈਡਲ ਨੂੰ 7 ਲੱਖ ਅਤੇ ਤਾਂਬੇ ਦੇ ਮੈਡਲ ਜੇਤੂ ਨੂੰ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਦੀ ਪੂਰੀ ਟੀਮ ਦੇ ਲੁਧਿਆਣੇ ਪਹੁੰਚਣ 'ਤੇ ਸਪੈਸ਼ਲ

ਉਲੰਪਿਕ, ਪੰਜਾਬ ਵੱਲੋਂ ਭਰਵਾਂ ਸਵਾਗਤ ਕੀਤਾ ਜਾਵੇਗਾ। ਇਸ ਤੋਂ ਬਾਅਦ ਪਿੰਗਲਵਾੜੇ ਦੀ ਟੀਮ ਦੇ ਮਾਨਾਂਵਾਲਾ ਬ੍ਰਾਂਚ ਪਹੁੰਚਣ 'ਤੇ ਪੂਰੇ ਜੋਸ਼ ਅਤੇ ਵਿਆਹ ਵਰਗੇ ਮਾਹੌਲ ਵਿੱਚ ਸਵਾਗਤ ਤੇ ਸਨਮਾਨ ਕੀਤਾ ਜਾਵੇਗਾ।

ਬਨਾਉਟੀ ਲੱਤ ਬਣਵਾਉਣ ਲਈ ਚੈਰੀਟੇਬਲ ਟਰੱਸਟ ਨੇ ਦਿੱਤੇ ਪੰਜਾਹ ਹਜ਼ਾਰ ਰੁਪਏ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਮਨੁੱਖਤਾ ਦੀ ਸੇਵਾ-ਸਭ ਤੋਂ ਵੱਡੀ ਸੇਵਾ ਨੂੰ ਸਮਰਪਿਤ ਪੱਟੀ ਸ਼ਹਿਰ ਤੋਂ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਜੋ ਕਿ ਪਿਛਲੇ ਅਠਾਰਾਂ ਸਾਲ ਤੋਂ ਅਤਿ ਗਰੀਬ, ਲੋੜਵੰਦ, ਰੋਗ-ਗ੍ਰਸਤ ਰੋਗੀਆਂ ਦੇ ਇਲਾਜ ਵਿੱਚ ਵੱਡਮੁੱਲੀਆਂ ਸੇਵਾਵਾਂ ਨਿਭਾਉਦਾਂ ਆ ਰਿਹਾ ਹੈ! ਟਰੱਸਟ ਦੇ ਮੁੱਖ ਪ੍ਰਬੰਧਕ ਗੁਰਮੀਤ ਸਿੰਘ ਅਤੇ ਟਰੱਸਟੀ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਸਿੱਖ ਵੀਰ ਬਲਜਿੰਦਰ ਸਿੰਘ ਵਾਸੀ ਫਤਹਿਪੁਰ ਨਵਾਂ ਪਿੰਡ ਜਿਲਾਂ ਤਰਨਤਾਰਨ ਜਿਸ ਦੇ ਕੁਝ ਸਮਾਂ ਪਹਿਲਾਂ ਖੇਤਾਂ ਚ ਕੰਮ ਕਰਦੇ ਸਮੇਂ ਖੱਬੀ ਲੱਤ ਕੰਬਾਈਨ 'ਚ ਆਉਣ ਕਰਕੇ ਲੱਤ ਕੱਟੀ ਗਈ ਸੀ। ਉਸ ਤੋਂ ਬਾਅਦ ਸਮੇਂ-ਸਮੇਂ ਤੇ ਆਮ ਬਨਾਉਟੀ ਲੱਤ ਲਗਵਾਉਂਦੇ ਰਹੇ ਪਰ ਉਸ ਨਾਲ ਲੱਤ ਦੇ ਜ਼ਖਮ ਹੋ ਜਾਂਦੇ ਸੀ! ਹੁਣ ਅਮਰੀਕਨ ਟੈਕਨਾਲੋਜੀ ਸਲਾਈਡ ਵਾਲੀ ਲੱਤ ਬਨਵਾਉਣੀ ਸੀ। ਪਰਿਵਾਰ ਆਰਥਿਕ ਪੱਖੋਂ ਇੰਨਾ ਸਮਰੱਥ ਨਹੀਂ ਸੀ ਕਿ ਡੇਢ ਲੱਖ ਰੁਪਏ ਦੀ ਕੀਮਤ ਵਾਲੀ ਲੱਤ ਲਗਵਾ ਸਕਣ! ਪਿੰਡ ਦੀ ਕੁਝ ਸੰਗਤ ਵੱਲੋਂ ਵੀ ਮਦਦ ਕੀਤੀ ਗਈ ਹੈ। ਪਰਿਵਾਰ ਵੱਲੋਂ ਟਰੱਸਟ ਪਾਸ ਬੇਨਤੀ ਕੀਤੀ ਗਈ ਸੀ ਮਦਦ ਵਾਸਤੇ, ਟਰੱਸਟ ਵੱਲੋਂ ਜਾਂਚ-ਪੜਤਾਲ ਉਪਰੰਤ ਸੰਗਤ ਦੇ ਸਹਿਯੋਗ ਨਾਲ ਬਲਜਿੰਦਰ ਸਿੰਘ ਨੂੰ ਬਨਾਉਟੀ ਲੱਤ ਬਣਵਾਉਣ ਵਾਸਤੇ ਪੰਜਾਹ ਹਜ਼ਾਰ ਰੁਪਏ ਦੀ ਮਦਦ ਦਿੱਤੀ ਗਈ! ਪਰਿਵਾਰ ਵੱਲੋਂ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਅਤੇ ਸਹਿਯੋਗ ਕਰਨ ਵਾਲੀ ਸੰਗਤ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਸੁਪਰਸਤ ਡਾ. ਰਜਿੰਦਰ ਸਿੰਘ, ਅਮਨਦੀਪ ਸਿੰਘ, ਬਲਬੀਰ ਸਿੰਘ, ਜਗਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਜਤਿੰਦਰ ਸਿੰਘ ਨਵਾਂ ਪਿੰਡ ਵਾਲੇ, ਗੁਰੂ ਘਰ ਦੇ ਗ੍ਰੰਥੀ ਸਿੰਘ, ਸੁਖਪਾਲ ਸਿੰਘ ਡਿਪਟੀ, ਸੁਖਮੀਤ ਸਿੰਘ, ਨਵਪ੍ਰੀਤ ਸਿੰਘ ਹਾਜ਼ਰ ਸਨ।

ਫਲਿੱਪਕਾਰਟ ਵੱਲੋਂ ਐਕਸਚੇਂਜ ਪ੍ਰੋਗਰਾਮ ਲਾਂਚ ਕਰਨ ਦਾ ਐਲਾਨ

ਅੰਮ੍ਰਿਤਸਰ : ਭਾਰਤ ਦੇ ਸਵਦੇਸ਼ੀ ਈ-ਕਾਮਰਸ ਮਾਰਕੀਟਪਲੇਸ ਫਲਿੱਪਕਾਰਟ ਨੇ ਬਕਾਰ ਹੋ ਚੁੱਕੇ (ਨਾਨ-ਫੰਕਸ਼ਨਲ) ਉਪਕਰਨਾਂ, ਸਮਾਰਟਫ਼ੋਨਾਂ ਅਤੇ ਫੀਚਰ ਫ਼ੋਨਾਂ ਲਈ ਅੱਜ ਇੱਕ ਐਕਸਚੇਂਜ ਪ੍ਰੋਗਰਾਮ ਲਾਂਚ ਕਰਨ ਦਾ ਐਲਾਨ ਕੀਤਾ ਹੈ।

ਇਹ ਪ੍ਰੋਗਰਾਮ ਗਾਹਕਾਂ ਨੂੰ ਉਨ੍ਹਾਂ ਦੇ ਪੁਰਾਣੇ ਅਤੇ ਬੇਕਾਰ ਹੋ ਚੁੱਕੇ ਵੱਡੇ ਅਤੇ ਇਲੈਕਟ੍ਰਾਨਿਕ ਉਪਕਰਨ ਜਿਵੇਂ ਟੈਲੀਵਿਜ਼ਨ, ਫਰਿੱਜ ਅਤੇ ਵਾਸ਼ਿੰਗ ਮਸ਼ੀਨਾਂ ਤੋਂ ਲੈ ਕੇ ਲੈਪਟਾਪ, ਸਮਾਰਟਫ਼ੋਨ ਅਤੇ ਫੀਚਰ ਫ਼ੋਨਾਂ ਨੂੰ ਐਕਸਚੇਂਜ ਕਰਨ ਦੀ ਸਹੂਲਤ ਮੁਹੱਈਆ ਕਰੇਗਾ। ਐਕਸਚੇਂਜ ਪ੍ਰੋਗਰਾਮ ਦੇ ਲਾਂਚ ਬਾਰੇ, ਆਸ਼ੂਤੋਸ਼ ਸਿੰਘ ਚੰਦੇਲ, ਸੀਨੀਅਰ ਡਾਇਰੈਕਟਰ ਅਤੇ ਬਿਜ਼ਨਸ ਹੈੱਡ, ਰੀ-ਕਾਮਰਸ, ਫਲਿੱਪਕਾਰਟ ਨੇ ਕਿਹਾ ਕਿ ਨਾਨ-ਫੰਕਸ਼ਨਲ ਉਪਕਰਣਾਂ ਲਈ ਪੇਸ਼ ਕੀਤੇ ਗਏ ਨਵੇਂ ਐਕਸਚੇਂਜ ਪ੍ਰੋਗਰਾਮ ਦੇ ਨਾਲ ਹੀ, ਅਸੀਂ ਆਪਣੇ ਗਾਹਕਾਂ ਨੂੰ ਪੁਰਾਣੇ ਇਲੈਕਟ੍ਰਾਨਿਕ ਅਤੇ ਵੱਡੇ ਉਪਕਰਨਾਂ ਨੂੰ ਬਦਲਣ ਲਈ ਨਵੀਨ, ਟਿਕਾਊ ਅਤੇ ਸੁਵਿਧਾਜਨਕ ਹੱਲ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਉਤਪਾਦ ਨਾਲ ਅਪਗ੍ਰੇਡ ਕਰਨ ਦੀ ਸਹੂਲਤ ਵੀ ਦੇ ਰਹੇ ਹਾਂ।

'ਮਾਂ ਧਰਤ ਦੀ ਰੱਖਿਆ' ਵਿਸ਼ੇ 'ਤੇ ਕਰਵਾਇਆ ਜਾਗਰੂਕਤਾ ਪ੍ਰੋਗਰਾਮ

ਸ੍ਰੀ ਅੰਮ੍ਰਿਤਸਰ ਸਾਹਿਬ (ਜਸਬੀਰ ਸਿੰਘ ਪੱਟੀ)-ਆਈ. ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈਕੇਜੀਪੀਟੀਯੂ) ਦੇ ਸ੍ਰੀ ਅੰਮ੍ਰਿਤਸਰ ਸਾਹਿਬ ਕੈਂਪਸ ਵਿਖੇ 'ਮਾਂ ਧਰਤੀ ਦੀ ਰੱਖਿਆ' ਵਿਸ਼ੇ ਉਪਰ ਇੱਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ! ਇਹ ਪ੍ਰੋਗਰਾਮ ਇੱਕ ਨਿੱਜੀ ਐੱਫ. ਐੱਮ. ਰੇਡੀਓ ਚੈਨਲ ਨਾਲ ਮਿਲ ਕੇ ਆਯੋਜਿਤ ਕੀਤਾ ਗਿਆ! ਨਾਮਵਰ ਆਰ. ਜੇ. (ਰੇਡੀਓ ਜੌਕੀ) ਐਡੀ ਵੱਲੋਂ ਇਸ ਪ੍ਰੋਗਰਾਮ ਦੌਰਾਨ ਭਵਿੱਖ ਦੀਆਂ ਪੀੜ੍ਹੀਆਂ ਲਈ ਮਾਂ ਧਰਤ ਦੀ ਸੰਭਾਲ ਤੇ ਸੁਰੱਖਿਆ ਵਿਸ਼ੇ ਉਪਰ ਨੌਜਵਾਨ ਨੂੰ ਜਿਥੇ ਪ੍ਰੇਰਿਤ ਕੀਤਾ ਗਿਆ, ਓਥੇ ਹੀ ਇਸਦੇ ਮਹੱਤਵ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਐੱਫ. ਐੱਮ. ਦੀ ਟੀਮ ਵੱਲੋਂ ਯੂਨੀਵਰਸਿਟੀ ਕੈਂਪਸ ਦੇ ਬੀ. ਟੈਕ, ਬੀ. ਸੀ. ਏ. ਦੇ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨਾਲ ਮਨੋਰੰਜਕ ਤਰੀਕਿਆਂ ਨਾਲ ਜ਼ਰੂਰੀ ਤੱਥ ਵੀ ਸਾਂਝੇ ਕੀਤੇ ਗਏ! ਵਿਦਿਆਰਥੀਆਂ ਵੱਲੋਂ ਇਸ ਪ੍ਰੋਗਰਾਮ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਮੌਕੇ ਕੀਮਤੀ ਕੁਦਰਤੀ ਸਰੋਤਾਂ ਦੀ ਰੱਖਿਆ ਵਿੱਚ ਵਿਦਿਆਰਥੀਆਂ ਦਾ ਯੋਗਦਾਨ, ਸਰਗਰਮ ਭਾਗੀਦਾਰੀ ਆਦਿ ਉਪਰ ਚਰਚਾ ਕੀਤੀ ਗਈ! ਵਿਦਿਆਰਥੀਆਂ ਨੇ ਨਿੱਜੀ ਐੱਫ. ਐੱਮ. ਟੀਮ ਵੱਲੋਂ ਕਰਵਾਈਆਂ ਗਈਆਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ। ਵਿਦਿਆਰਥੀਆਂ ਵੱਲੋਂ ਵਾਤਾਵਰਨ ਦੀ ਸੰਭਾਲ 'ਤੇ ਕੇਂਦ੍ਰਿਤ ਰਚਨਾਤਮਕ ਵਿਚਾਰਾਂ ਨੂੰ ਸਾਰੀਆਂ ਨਾਲ ਸਾਂਝਾ ਕੀਤਾ ਗਿਆ।

ਮਕੈਨੀਕਲ ਵਿਭਾਗ ਦੇ ਕੋਆਰਡੀਨੇਟਰ ਐਸ. ਬੀ. ਐਸ. ਕਲਸੀ, ਕੰਪਿਊਟਰ ਐਪਲੀਕੇਸ਼ਨ ਵਿਭਾਗ ਵੱਲੋਂ ਡਾ. ਵਿਕਰਮਜੀਤ ਸਿੰਘ, ਸੀ. ਐਸ. ਈ. ਵਿਭਾਗ ਦੇ ਡਾ. ਵਿਪੁਲ ਸ਼ਰਮਾ, ਯੂਥ ਅਫਸਰ ਡਾ. ਅਜੈ ਕੁਮਾਰ ਸ਼ਰਮਾ ਅਤੇ ਕਲਾਕਾਰ ਰਾਹੁਲ ਸ਼ਰਮਾ ਵੱਲੋਂ ਇਸ ਪ੍ਰੋਗਰਾਮ ਮੌਕੇ

ਵੱਖੋ-ਵੱਖ ਜ਼ਿੰਮੇਵਾਰੀਆਂ ਸੰਭਾਲੀਆਂ ਗਈਆਂ! ਅੰਮ੍ਰਿਤਸਰ ਕੈਂਪਸ ਦੇ ਡਾਇਰੈਕਟਰ ਡਾ. ਅਮਿਤ ਸਗੀਨ ਨੇ ਕਿਹਾ ਕਿ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਸੁਸ਼ੀਲ ਮਿੱਤਲ, ਰਜਿਸਟਰਾਰ ਡਾ. ਐਸ. ਕੇ. ਮਿਸ਼ਰਾ ਅਤੇ ਡੀਨ ਅਕਾਦਮਿਕ ਡਾ. ਵਿਕਾਸ ਚਾਵਲਾ ਵੱਲੋਂ ਸਮੇਂ-ਸਮੇਂ ਤੇ ਦਿੱਤੀ ਜਾਂਦੀ ਸੇਧ ਮੁਤਾਬਿਕ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ! ਉਨਾਂ ਵੱਲੋਂ ਨਿਜੀ ਐੱਫ. ਐੱਮ. ਟੀਮ ਦਾ ਇਕ ਬੇਹਤਰ ਤੇ ਜ਼ਰੂਰੀ ਵਿਸ਼ੇ ਉਪਰ ਪ੍ਰੋਗਰਾਮ ਉਲੀਕਣ ਲ਼ਈ ਧੰਨਵਾਦ ਵੀ

'ਐਕਸਿਸ ਨਿਫਟੀ ਆਈਟੀ ਇੰਡੈਕਸ ਫੰਡ' ਲਾਂਚ

ਅੰਮ੍ਰਿਤਸਰ : ਭਾਰਤ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰ

28-Jun-PAGE- 12 qxd.qxd 6/27/2023 10:47 PM Page 1

ਅਨੁਰਾਗ ਠਾਕੁਰ ਵੱਲੋਂ ਬੀ ਐਸ ਐਫ ਹਾਕੀ ਟਰਫ ਗਰਾਊਂਡ ਦਾ ਉਦਘਾਟਨ

ਜਲੰਧਰ (ਸ਼ੈਲੀ ਐਲਬਰਟ)- ਕੇਂਦਰੀ ਸੂਚਨਾ ਅਤੇ ਪ੍ਰਸਾਰਣ ਅਤੇ ਯੁਵਾ ਤੇ ਖੇਡ ਮਾਮਲਿਆਂ ਬਾਰੇ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ ਅੱਜ ਬੀ ਐਸ ਐਫ ਕੰਪਲੈਕਸ, ਜਲੰਧਰ ਵਿਖੇ ਨਵੇਂ ਬਣੇ ਅਤਿ-ਆਧੁਨਿਕ ਬੀ ਐਸ ਐਫ ਹਾਕੀ ਟਰਫ ਗਰਾਊਂਡ ਦਾ ਉਦਘਾਟਨ ਕੀਤਾ। ਇਸ ਦੌਰਾਨ ਡੀ.ਜੀ.ਬੀ.ਐਸ.ਐਫ ਨਿਤਿਨ ਅਗਰਵਾਲ, ਐਸ.ਡੀ.ਜੀ. ਪੱਛਮੀ ਕਮਾਂਡ, ਚੰਡੀਗੜ੍ਹ, ਨਿਤਿਨ ਅਗਰਵਾਲ, ਐਸ.ਡੀ.ਜੀ. ਪੱਛਮੀ ਕਮਾਂਡ, ਚੰਡੀਗੜ੍ਹ, ਬੀ.ਕੇ. ਮਹਿਤਾ, ਏ.ਡੀ.ਜੀ.(ਲਾਗ), ਐਫ.ਐਚ.ਕਿਊ.ਬੀ.ਐਸ.ਐਫ., ਡਾ: ਅਤੁਲ ਫੁਲਜਲੇ, ਆਈ.ਪੀ.ਐਸ., ਆਈ.ਜੀ.ਬੀ.ਐਸ.ਐਫ. , ਪੰਜਾਬ ਫਰੰਟੀਅਰ ਸਮੇਤ ਬੀ.ਐਸ.ਐਫ ਦੇ ਹੋਰ ਅਧਿਕਾਰੀ ਅਤੇ ਉੱਘੇ ਖੇਡ ਪ੍ਰਤੀਕ ਮੌਜੂਦ ਸਨ। ਕੇਂਦਰੀ ਖੇਡ ਮੰਤਰੀ ਨੇ ਦੱਸਿਆ ਕਿ ਨਵੇਂ ਬਣੇ ਸਟੇਡੀਅਮ ਨੂੰ ਅੰਤਰਰਾਸ਼ਟਰੀ ਮਾਪਦੰਡਾਂ ਦੀ ਪਾਲਣਾ ਨੂੰ ਯਕੀਨੀ ਬਣਾਉਂਦੇ ਹੋਏ ਭਾਰਤੀ ਹਾਕੀ ਫੈਡਰੇਸ਼ਨ ਤੋਂ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਮਿਲ ਚੁੱਕੀਆਂ ਹਨ। ਇਸ ਸਮੇਂ ਦੌਰਾਨ ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੇ ਸਹਿਯੋਗ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਠਾਕੁਰ ਨੇ ਕਿਹਾ, "ਭਾਰਤ ਸਰਕਾਰ ਨੇ ਹਾਕੀ ਟਰਫ ਗਰਾਊਂਡ ਦੇ ਵਿਕਾਸ ਲਈ ਲੋੜੀਂਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਹੈ, ਜੋ ਕਿ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰਨ ਲਈ ਜ਼ਰੂਰੀ ਹੈ। ਇਹ ਭਾਰਤੀ ਖੇਡ ਅਥਾਰਟੀ ਲਈ ਇੱਕ ਸੰਪਤੀ ਹੈ, ਜੋ ਬੀ ਐਸ ਐਫ ਅਤੇ ਜਲੰਧਰ ਖੇਤਰ ਲਈ ਵਿਜ਼ਵ ਪੱਧਰੀ ਹਾਕੀ ਬੁਨਿਆਦੀ ਢਾਂਚੇ ਦੇ ਨਾਲ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰੇਗੀ।"ਮੰਤਰੀ ਨੇ ਪੰਜਾਬ ਦੀ ਅਮੀਰ ਖੇਡ ਵਿਰਾਸਤ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਪੰਜਾਬ ਨੇ ਬੇਮਿਸਾਲ ਖਿਡਾਰੀ ਪੈਦਾ ਕੀਤੇ ਹਨ ਅਤੇ ਭਾਰਤ ਦੀ ਖੇਡ ਵਿਰਾਸਤ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸੀਮਾ ਸੁਰੱਖਿਆ ਬਲ ਦੀ ਖੇਡ ਵਿਰਾਸਤ ਦੀ ਵੀ ਸ਼ਲਾਘਾ ਕੀਤੀ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਪ੍ਰਤਿਭਾ ਨੂੰ ਨਿਖਾਰਨ ਲਈ ਸੰਸਥਾ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਇਸ ਤੋਂ ਇਲਾਵਾ ਮੰਤਰੀ ਨੇ ਸਰਕਾਰ ਦੇ ਪ੍ਰਮੁੱਖ ਖੇਡ ਪ੍ਰੋਗਰਾਮ, ਖੇਲੋ ਇੰਡੀਆ ਅਤੇ ਦੇਸ਼ ਭਰ ਵਿੱਚ ਖੇਡ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਅਤੇ ਪਾਲਣ ਪੋਸਣ ਲਈ ਲਗਾਤਾਰ ਯਤਨਾਂ ਬਾਰੇ ਚਰਚਾ ਕੀਤੀ। ਮੰਤਰੀ ਨੇ ਰਾਸ਼ਟਰੀ ਖੇਡ ਵਜੋਂ ਹਾਕੀ ਦੀ ਮਹੱਤਤਾ ਬਾਰੇ ਵੀ ਚਾਨਣਾ ਪਾਇਆ ਅਤੇ ਕਿਹਾ, "ਬੀ ਐਸ ਐਫ ਦੇ ਖਿਡਾਰੀਆਂ ਨੂੰ ਵੱਖ-ਵੱਖ ਵਿਸ਼ਿਆਂ ਵਿੱਚ 3 ਪਦਮ ਸ੍ਰੀ ਅਤੇ 17 ਅਰਜੁਨ ਪੁਰਸਕਾਰ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਹੈ ਅਤੇ ਬੀ ਐਸ ਐਫ ਦੇ ਕਈ ਖਿਡਾਰੀਆਂ ਨੇ ਵੱਖ-ਵੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੈ ਤੇ ਭਾਰਤ ਦੀ ਨੁਮਾਇੰਦਗੀ ਕੀਤੀ। ਅੰਤ ਵਿੱਚ ਮੰਤਰੀ ਨੇ ਇਸ ਵਿਸ਼ਵ ਪੱਧਰੀ ਹਾਕੀ ਬੁਨਿਆਦੀ ਢਾਂਚੇ ਦਾ ਉਦਘਾਟਨ ਕਰਨ ਦਾ ਮੌਕਾ ਦੇਣ ਲਈ ਬੀ.ਐਸ.ਐਫ ਅਧਿਕਾਰੀਆਂ ਦਾ ਧੰਨਵਾਦ ਕੀਤਾ।

ਜਵਾਹਰ ਨਵੋਦਿਆ ਵਿਦਿਆਲਿਆ 'ਚ ਛੇਵੀਂ ਲਈ 10 ਅਗਸਤ ਤੱਕ ਭਰੇ ਜਾ ਸਕਦੇ ਹਨ ਫਾਰਮ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਨਵੋਦਿਆ ਸਕੂਲ ਦੇ ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਦਾਖਲਾ ਪ੍ਰੀਖਿਆ 2024-25 ਜਮਾਤ ਛੇਵੀਂ, ਜਿਸ ਦਾ ਇਮਤਿਹਾਨ ਮਿਤੀ 20 ਜਨਵਰੀ 2024 ਨੂੰ ਹੋਣਾ ਹੈ, ਦੇ ਲਈ ਫਾਰਮ ਨਵੋਦਿਆ ਵਿਦਿਆਲਿਆ ਦੀ ਵੈੱਬਸਾਈਟ ਉੱਪਰ 10 ਅਗਸਤ ਤੱਕ ਭਰੇ ਜਾ ਸਕਦੇ ਹਨ। ਉਹ ਵਿਦਿਆਰਥੀ ਜਿਹੜੇ ਸੈਸ਼ਨ 2023-24 ਵਿਚ ਸਰਕਾਰੀ ਸਕੂਲ ਵਿਚ ਜਾਂ ਮਾਨਤਾ ਪ੍ਰਾਪਤ ਸਕੂਲਾਂ ਵਿਚ ਪੰਜਵੀਂ ਜਮਾਤ ਵਿਚ ਪੜ੍ਹ ਰਹੇ ਹਨ ਅਤੇ ਜ਼ਿਲ੍ਹੇ ਦੇ ਬੋਨਾਫਾਈਡ ਨਿਵਾਸੀ ਹਨ, ਉਹ ਫਾਰਮ ਭਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀ ਜਨਮ ਮਿਤੀ 1 ਮਈ 2012 ਤੋਂ 31 ਜੁਲਾਈ 2014 ਦੇ ਵਿਚਕਾਰ ਹੋਣੀ ਚਾਹੀਦੀ ਹੈ। ਜੇਕਰ ਕਿਸੇ ਨੂੰ ਫਾਰਮ ਭਰਨ ਵਿਚ ਦਿੱਕਤ ਆਉਂਦੀ ਹੈ, ਉਹ ਕੰਮਕਾਜ ਵਾਲੇ ਦਿਨ ਨਵੋਦਿਆ ਸਕੂਲ ਫਲਾਹੀ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ 01882-289393, 94636 46719 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਵਿਦਿਆਲਿਆ ਵਿਚ ਬੱਚਿਆਂ ਨੂੰ ਆਧੁਨਿਕ ਸਿੱਖਿਆ, ਖਾਣ-ਪੀਣ, ਰਹਿਣ-ਸਹਿਣ, ਵਰਦੀਆਂ, ਕਿਤਾਬਾਂ, ਕਾਪੀਆਂ ਅਤੇ ਸਿਹਤ ਸੇਵਾਵਾਂ ਦਾ ਸਾਰਾ ਪ੍ਰਬੰਧ ਮੁਫਤ ਹੈ। ਇਥੇ ਬੱਚਿਆਂ ਦੇ ਆਚਰਣ ਨਿਰਮਾਣ ਅਤੇ ਸਰਵਪੱਖੀ ਵਿਕਾਸ ਉਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ।

ਸੀ ਜੀ ਸੀ ਲਾਂਡਰਾਂ ਦੇ 10 ਵਿਦਿਆਰਥੀ ਮਾਰੀਸ਼ਸ਼ ਦੇ ਮੈਰੀਟਿਮ ਹੋਟਲ 'ਚ ਪੇਡ ਇੰਟਰਨਸ਼ਿਪ ਕਰਨਗੇ

ਚੰਡੀਗੜ੍ਹ (ਗੁਰਜੀਤ ਬਿੱਲਾ) ਸੀਸੀਐੱਚਐੱਮਸੀਟੀ ਸੀਜੀਸੀ ਲਾਂਡਰਾਂ ਦੇ 10 ਵਿਦਿਆਰਥੀਆਂ ਨੂੰ ਮਸ਼ਹੂਰ ਹੋਟਲ ਚੇਨ ਮੈਰੀਟਿਮ ਹੋਟਲਜ਼, ਮਾਰੀਸ਼ਸ ਦੇ ਨਾਲ ਛੇ ਮਹੀਨੇ ਦੇ ਪੇਡ ਇੰਟਰਨਸ਼ਿਪ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ ਹੈ। ਇਨ੍ਹਾਂ ਵਿੱਚੋਂ ਸੱਤ ਮੈਰੀਟਿਮ ਰਿਜੋਰਟ ਐਂਡ ਸਪਾ, ਮਾਰੀਸ਼ਸ ਵਿੱਚ ਇੰਟਰਨਿੰਗ ਕਰਨਗੇ ਅਤੇ ਤਿੰਨ ਵਿਦਿਆਰਥੀ ਮਾਰੀਟਿਮ ਕ੍ਰਿਸਟਲ ਬੀਚ ਹੋਟਲ, ਮਾਰੀਸ਼ਸ ਵਿੱਚ ਟਰੇਨਿੰਗ ਲੈਣਗੇ।

ਇੰਟਰਨਸ਼ਿਪ ਦੌਰਾਨ ਉਨ੍ਹਾਂ ਦੇ ਪ੍ਰਦਰਸ਼ਨ ਦੇ ਅਧਾਰ 'ਤੇ ਇਨ੍ਹਾਂ ਹੋਟਲਾਂ ਵੱਲੋਂ ਵਿਦਿਆਰਥੀਆਂ ਨੂੰ ਨੌਕਰੀ ਦਾ ਮੌਕਾ ਵੀ ਪ੍ਰਦਾਨ ਕੀਤਾ ਜਾਵੇਗਾ। ਇਹ ਮੌਕਾ ਉਨ੍ਹਾਂ ਨੂੰ ਪ੍ਰਾਹੁਣਾਚਾਰੀ ਇੰਡਸਟਰੀ ਦੀ ਵਿਹਾਰਕ ਸਮਝ ਹਾਸਲ ਕਰਨ ਲਈ ਇੱਕ ਵਧੀਆ ਮੰਚ ਪ੍ਰਦਾਨ ਕਰੇਗਾ ਅਤੇ ਉਹਨਾਂ ਦੇ ਪ੍ਰਬੰਧਨ ਹੁਨਰ ਨੂੰ ਨਿਖਾਰਨ ਵਿੱਚ ਵੀ ਮਦਦ ਕਰੇਗਾ। ਇੱਕ ਅੰਤਰਰਾਸ਼ਟਰੀ ਮਾਹੌਲ ਵਿੱਚ ਕੰਮ ਕਰਦੇ ਹੋਏ ਉਨ੍ਹਾਂ ਨੂੰ ਜੋ ਐਕਸਪੋਜਰ ਮਿਲੇਗਾ, ਉਹ ਉਨ੍ਹਾਂ ਦੇ ਸਕਿੱਲ ਸੈੱਟ ਦਾ ਪਾਲਣ ਪੋਸ਼ਣ ਕਰੇਗਾ। ਇਸ ਦੇ ਨਾਲ ਹੀ ਇਹ ਮੌਕਾ ਉਨ੍ਹਾਂ ਨੂੰ ਵੱਖ ਵੱਖ ਸਭਿਆਚਾਰਾਂ, ਪਕਵਾਨਾਂ ਅਤੇ ਗਾਹਕਾਂ ਨਾਲ ਸਭ ਤੋਂ ਵਧੀਆ ਢੰਗ ਨਾਲ ਨਜਿੱਠਣ ਦਾ ਗਿਆਨ ਅਤੇ ਭਰਪੂਰ ਅਨੁਭਵ ਪ੍ਰਦਾਨ ਕਰੇਗਾ। ਇਹ ਉਨ੍ਹਾਂ ਨੂੰ ਦੇਸ਼ ਅਤੇ ਵਿਦੇਸ਼ ਵਿੱਚ ਵਧੀਆ ਕਰੀਅਰ ਦੀਆਂ ਸੰਭਾਵਨਾਵਾਂ ਦੇ ਨਾਲ ਵਧੀਆ ਪ੍ਰਾਹੁਣਾਚਾਰੀ ਪੇਸ਼ੇਵਰ ਬਣਨ ਵਿੱਚ ਮਦਦਗਾਰ ਸਾਬਤ ਹੋਵੇਗਾ। ਉਪਰੰਤ ਭਾਰਤੀ ਪ੍ਰਾਹੁਣਾਚਾਰੀ ਇੰਡਸਟਰੀ ਸਰਗਰਮੀ ਨਾਲ ਅੱਗੇ ਵੱਧ ਰਿਹਾ ਹੈ। ਸੀਬੀਆਰਈ ਦੱਖਣੀ ਏਸ਼ੀਆ ਦੀ ਇੱਕ ਤਾਜ਼ਾ ਰਿਪੋਰਟ ਦੇ ਅਨੁਸਾਰ, ਅਗਲੇ ਦੋ ਤੋਂ ਪੰਜ ਸਾਲਾਂ ਵਿੱਚ, ਭਾਰਤੀ ਪ੍ਰਾਹੁਣਾਚਾਰੀ ਉਦਯੋਗ ਵਿੱਚ ਨਿਵੇਸ਼ 2.3 ਬਿਲੀਅਨ ਡਾਲਰ ਤੋਂ ਵੱਧ ਹੋਣ ਦੀ ਉਮੀਦ ਹੈ। ਪ੍ਰਾਹੁਣਾਚਾਰੀ ਖੇਤਰ ਲਈ ਇਹ ਸ਼ਾਨਦਾਰ ਦ੍ਰਿਸ਼ਟੀਕੋਣ ਹੋਟਲ ਪ੍ਰਬੰਧਨ ਅਤੇ ਪ੍ਰਾਹੁਣਾਚਾਰੀ ਪ੍ਰਬੰਧਨ ਕੋਰਸ ਕਰਨ ਵਾਲੇ ਵਿਦਿਆਰਥੀਆਂ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਲਈ ਚੰਗਾ ਸੰਕੇਤ ਹੈ।

ਸਾਉਣੀ ਦੀਆਂ ਫਸਲਾਂ 'ਤੇ ਕੀੜੇ ਤੇ ਬਿਮਾਰੀਆਂ ਦੀ ਰੋਕਥਾਮ ਬਾਰੇ ਟ੍ਰੇਨਿੰਗ ਕਰਵਾਈ

ਕੁਰਾਲੀ (ਮੋਹਨ ਅੱਗਰਵਾਲ ਜੋਗਾ):-ਡਿਪਟੀ ਕਮਿਸਨਰ ਐਸ.ਏ.ਐਸ ਨਗਰ ਸ੍ਰੀਮਤੀ ਆਸ਼ਿਕਾ ਜੈਨ ਆਈ.ਏ.ਐਸ ਦੇ ਦਿਸ਼ਾ ਨਿਰਦੇਸ਼ ਅਨੁਸਾਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਮੁੱਖ ਖੇਤੀਬਾੜੀ ਅਫਸਰ ਡਾ. ਗੁਰਬਚਨ ਸਿੰਘ ਦੀ ਅਗਵਾਈ ਹੇਠ ਆਤਮਾ ਸਕੀਮ ਅਧੀਨ ਸਾਉਣੀ ਦੀਆਂ ਫਸਲਾਂ ਝੋਨਾ, ਮੱਕੀ ਅਤੇ ਦਾਲਾਂ ਦੀ ਫਸਲ ਤੇ ਕੀੜੇ ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਇਕ ਰੋਜਾ ਪੈਸਟ ਸਰਵੇਲੈਂਸ ਦੀ ਟ੍ਰੇਨਿੰਗ ਕਮਰਾ ਨੰਬਰ 535 ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਕਿਸਾਨਾਂ ਅਤੇ ਵਿਭਾਗ ਦੇ ਸਟਾਫ ਦੀ ਲਗਾਈ ਗਈ। ਇਸ ਟ੍ਰੇਨਿੰਗ ਵਿੱਚ ਡਾ. ਰਵਿੰਦਰ ਸਿੰਘ ਘੁੰਮਣ ਐਫ.ਐੱਸ.ਸੀ (ਪੀਏਯੂ) ਮਾਹਿਰ ਵੱਲੋਂ ਝੋਨਾ, ਮੱਕੀ, ਦਾਲਾਂ (ਅਰਹਰ, ਮੂੰਗੀ) ਅਤੇ ਗੰਨੇ ਦੀ ਫਸਲਾਂ ਦੇ ਕੀੜੇ ਮਕੌੜਿਆਂ ਅਤੇ ਬਿਮਾਰੀਆਂ ਦੀ ਪਛਾਣ ਅਤੇ ਉਨ੍ਹਾਂ ਦੀ ਰੋਕਥਾਮ ਬਾਰੇ ਵਿਸਥਾਰ ਵਿੱਚ ਤਕਨੀਕੀ ਜਾਣਕਾਰੀ ਦਿੱਤੀ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਨੀਮ ਵਾਲਿਆਂ ਸਪਰੇਅ ਨੂੰ ਤਰਜੀਹ ਦੇਣੀ ਚਾਹੀਦੀ ਹੈ। ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਡਾ. ਗੁਰਬਚਨ ਸਿੰਘ ਨੇ ਕਿਸਾਨਾਂ ਨੂੰ ਕੀੜੇ ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਕੁੱਝ ਨੁਕਤੇ ਸਾਂਝੇ ਕਰਦੇ ਹੋਏ ਦੱਸਿਆ ਕਿ ਕੀਟਨਾਸ਼ਕ/ ਨਦੀਨਨਾਸ਼ਕ ਦਵਾਈਆਂ ਦੇ ਚੰਗੇ ਨਤੀਜੇ ਲੈਣ ਲਈ ਜਿਵੇਂ ਸਪਰੇਅ ਕਰਨ ਦਾ ਸਹੀ ਸਮਾਂ, ਸਪਰੇਅ ਕਰਨ ਦਾ ਢੰਗ/ਤਰੀਕਾ, ਪਾਣੀ ਦੀ ਮਾਤਰਾ, ਦਵਾਈ ਦਾ ਘੋਲ ਬਣਾਉਣ ਅਤੇ ਸਪਰੇਅ ਕਰਨ ਸਮੇਂ ਸਪਰੇਅ ਪੰਪ ਦੀ ਨੋਜਲ ਦਾ ਧਿਆਨ ਰੱਖਣਾ ਬਹੁਤ ਜਰੂਰੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਖਾਦਾਂ ਦੀ ਵਰਤੋਂ ਸੰਯਮ ਨਾਲ ਕੀਤੀ ਜਾਵੇ ਤਾਂ ਜੋ ਫਸਲਾਂ ਤੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਘੱਟ ਹੋਵੇ। ਇਸ ਮੌਕੇ ਡਾ. ਗੁਰਦਿਆਲ ਕੁਮਾਰ ਏ.ਡੀ.ਉ ਵੱਲੋਂ ਵਿਭਾਗ ਵਿੱਚ ਚੱਲ ਰਹੀਆਂ ਵੱਖ-ਵੱਖ ਸਕੀਮ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਇਸ ਟ੍ਰੇਨਿੰਗ ਵਿੱਚ ਡਾ. ਸੰਦੀਪ ਕੁਮਾਰ ਏ.ਉ, ਡਾ. ਗੁਰਪ੍ਰੀਤ ਸਿੰਘ ਏ.ਡੀ.ਉ ਸ੍ਰੀਮਤੀ ਸ਼ਿਖਾ ਸਿੰਗਲਾ ਡੀ.ਪੀ.ਡੀ ਵੱਲੋਂ ਵੀ ਤਕਨੀਕੀ ਜਾਣਕਾਰੀ ਦਿੱਤੀ ਗਈ। ਇਸ ਟ੍ਰੇਨਿੰਗ ਵਿੱਚ ਖੇਤੀਬਾੜੀ ਵਿਭਾਗ ਦਾ ਸਟਾਫ ਅਤੇ ਕਿਸਾਨ ਹਾਜ਼ਰ ਸਨ।

ਤਰਕਸ਼ੀਲ ਸੁਸਾਇਟੀ ਵੱਲੋਂ ਮਾਨਸਿਕ ਰੋਗਾਂ, ਪ੍ਰਿੰਟ ਮੀਡੀਆ ਤੇ ਇਲੈਕਟ੍ਰਾਨਿਕ ਮੀਡੀਆ ਸੰਬੰਧੀ ਟ੍ਰੇਨਿੰਗ ਕੈਂਪ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) -ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਜ਼ੋਨ ਨਵਾਂਸ਼ਹਿਰ ਵੱਲੋਂ ਮਲਕੀਤ ਚੰਦ ਮੋਹਲੀ ਹਾਲ ਨਵਾਂਸ਼ਹਿਰ ਵਿਖੇ ਮਾਨਸਿਕ ਰੋਗਾਂ ਅਤੇ ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਵਿਸ਼ਿਆਂ ਸੰਬੰਧੀ ਟ੍ਰੇਨਿੰਗ ਕੈਂਪ ਲਗਾਇਆ ਗਿਆ। ਸਭ ਤੋਂ ਪਹਿਲਾਂ ਆਏ ਹੋਏ ਮੁੱਖ ਬੁਲਾਰਿਆਂ ਅਤੇ ਜ਼ੋਨ ਦੀਆਂ ਸਾਰੀਆਂ ਇਕਾਈਆਂ ਦੇ ਅਹੁਦੇਦਾਰਾਂ ਅਤੇ ਹਾਜ਼ਰ ਮੈਂਬਰਾਂ ਨੂੰ ਜ਼ੋਨ ਮੁਖੀ ਸਤਪਾਲ ਸਲੋਹ ਨੇ ਜੀ ਆਇਆਂ ਆਖਿਆ ਅਤੇ ਧੰਨਵਾਦ ਕੀਤਾ । ਕੈਂਪ ਦੇ ਪਹਿਲੇ ਸੈਸ਼ਨ 'ਚ ਅਜੀਤ ਪ੍ਰਦੇਸੀ ਮੁਖੀ ਮਾਨਸਿਕ ਰੋਗ ਵਿਭਾਗ ਪੰਜਾਬ ਨੇ ਮਾਨਸਿਕ ਰੋਗਾਂ ਦੀਆਂ ਕਿਸਮਾਂ, ਅਲੱਗ ਅਲੱਗ ਕਿਸਮ ਦੇ ਮਾਨਸਿਕ ਰੋਗੀਆਂ, ਮਾਨਸਿਕ ਰੋਗਾਂ ਦੇ ਲੱਛਣ, ਕਾਰਨ ਅਤੇ ਮਾਨਸਿਕ ਰੋਗਾਂ ਦੇ ਇਲਾਜ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾ ਇਹ ਵੀ ਦੱਸਿਆ ਕਿ ਸਾਨੂੰ ਕਿਸ ਕਿਸਮ ਦੇ ਮਾਨਸਿਕ ਰੋਗੀਆਂ ਦਾ ਇਲਾਜ ਕਰਨਾ ਚਾਹੀਦਾ ਹੈ ਅਤੇ ਕਿਹਨਾਂ ਨੂੰ ਡਾਕਟਰੀ ਇਲਾਜ ਕਰਾਉਣਾ ਚਾਹੀਦਾ ਹੈ। ਕੈਂਪ ਦੇ ਦੂਸਰੇ ਸੈਸ਼ਨ 'ਚ ਸੁਮੀਤ ਸਿੰਘ ਮੁਖੀ ਮੀਡੀਆ ਵਿਭਾਗ ਪੰਜਾਬ ਨੇ ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਡੀਆ ਨੂੰ ਨਿਰਪੱਖ ਅਤੇ ਨਿਰਭੈਅ ਹੋ ਕੇ ਦੇਸ਼ ਅਤੇ ਸਮਾਜ ਨੂੰ ਸੁਧਾਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਅੱਜ ਕੱਲ੍ਹ ਦੇ ਮੀਡੀਆ ਨੂੰ ਚਲਾਉਣ ਵਾਲੇ ਬਹੁਤੇ ਲੋਕ ਲਾਲਚ ਵੱਸ ਜਾਂ ਡਰ ਕਾਰਨ ਹਾਕਮਾਂ ਅਤੇ ਜਾਬਰਾਂ ਦੇ ਪੱਖ 'ਚ ਭੁਗਤਦੇ ਦੇਖੇ ਜਾ ਸਕਦੇ ਹਨ। ਪਰ ਕੁਝ ਅਖਬਾਰ ਅਤੇ ਚੈਨਲ ਨਿਡਰਤਾ ਨਾਲ ਸਮਾਜ ਨੂੰ ਸੁਧਾਰਨ ਲਈ ਹਾਕਮਾਂ, ਭ੍ਰਿਸ਼ਟਾਚਾਰੀਆਂ, ਜ਼ਾਲਮਾਂ ਦੀ ਅਸਲੀਅਤ ਨੂੰ ਲੋਕਾਂ ਸਾਹਮਣੇ ਬੇਝਿਜਕ ਰੱਖ ਰਹੇ ਹਨ। ਉਨ੍ਹਾ ਇਮਾਨਦਾਰ ਅਖਬਾਰਾਂ ਅਤੇ ਚੈਨਲਾਂ ਦੀ ਸ਼ਲਾਘਾ ਕੀਤੀ। ਉਨ੍ਹਾ ਮੀਡੀਆ ਦੀ ਵਰਤੋਂ ਕਰਨ ਸੰਬੰਧੀ ਵੀ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਮੀਡੀਆ ਵਿੱਚ ਕੰਮ ਕਰਨ ਵਾਲੇ ਇਮਾਨਦਾਰ ਲੋਕਾਂ ਦੀ ਕਮੀ ਨਹੀਂ ਜਿਹੜੇ ਦੱਬੇ ਕੁਚਲੇ ਲੋਕਾਂ, ਗਰੀਬਾਂ, ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਬੇਰੋਜ਼ਗਾਰਾਂ, ਬੁੱਧੀਜੀਵੀਆਂ, ਲੇਖਕਾਂ, ਤਰਕਸ਼ੀਲਾਂ ਅਤੇ ਹੋਰ ਇਨਸਾਫ-ਪਸੰਦ ਲੋਕਾਂ ਦੀ ਹੱਕ-ਸੱਚ ਦੀ ਅਵਾਜ਼ ਨੂੰ ਸਹੀ ਢੰਗ ਨਾਲ ਪੇਸ਼ ਕਰ ਰਹੇ ਹਨ। ਇਸ ਮੌਕੇ ਡਾ. ਜੋਗਿੰਦਰ ਕੁੱਲੇਵਾਲ ਮੁਖੀ ਸੱਭਿਆਚਾਰਕ ਵਿਭਾਗ ਪੰਜਾਬ, ਮਾਸਟਰ ਜਗਦੀਸ਼ ਰਾਏਪੁਰ ਡੱਬਾ, ਨਰਿੰਦਰ ਮਾਈ ਦਿੱਤਾ, ਬਲਵਿੰਦਰ ਮੰਡੀ, ਸੱਤਪਾਲ ਸਲੋਹ ਅਤੇ ਕਾਮਰੇਡ ਮੁਕੰਦ ਲਾਲ ਨੇ ਵੀ ਵਿਚਾਰ ਚਰਚਾ ਵਿੱਚ ਭਾਗ ਲੈਂਦਿਆਂ ਹੱਲ ਕੀਤੇ ਕੇਸਾਂ ਤਜਰਬਿਆਂ ਸੰਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਲ